

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਜਿਲਦ 101
ਨੰਬਰ 10

੧੭ ਤੋਂ ੩੧ ਹਾੜ ੨੦੭੮ ਬਿ.
1 to 15 July 2021

## ਸੂਬਾ ਸੁਰਿੰਦਰ ਕੌਰ ਖਰਲ ਸਿਮਰਤੀ ਅੰਕ

# ਸੂਬਾ ਸੁਰਿੰਦਰ ਕੌਰ ਖਰਲ ਦੀਆਂ ਯਾਦਗਾਰੀ ਤਸਵੀਰਾਂ












# ਸਤਿਜੁਗ

੧੭ ਤੋਂ ੩੧ ਹਾੜ ੨੦੭੮ ਬਿ.

1 ਤੋਂ 15 ਜੁਲਾਈ 2021 ਈ.

ਜਿਲਦ 101, ਨੰਬਰ 10



**ਸਲਾਹਕਾਰ ਮੈਂਬਰ**

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

**ਸੰਪਾਦਕ**

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
*LDM/008/2021-2023*

ਇਕ ਸਾਲ- ਦੇਸ - 500 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ- ਦੇਸ - 2000 ਰੁ:, ਪ੍ਰਦੇਸ- 280$ USD ਡਾਲਰ

***Designed and Typeset:***

ਹਾਕਮ ਸਿੰਘ
ਤਰਨ ਬੱਲ



**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98155-75099
98550-58178
***Email- Satjug@sribhainisahib.com***


# ਤਤਕਰਾ


* ਸੰਪਾਦਕੀ- ਸੇਵਾ ਹਰ ਭੇਖ ਦੀ ਕਰਨੀ
  ਗੁਰਲਾਲ ਸਿੰਘ....................................4
* ਗੁਰਬਾਣੀ ਵਿਆਖਿਆ....................................6
* ਸੂਬਾ ਸੁਰਿੰਦਰ ਕੌਰ ਖਰਲ ਇੱਕ ਸ਼ਰਧਾਂਜਲੀ
  ਸੁਵਰਨ ਸਿੰਘ ਵਿਰਕ...............................8
* 24 ਕਿਤਾਬਾਂ ਦੀ ਲੇਖਿਕਾ ਸੂਬਾ ਸੁਰਿੰਦਰ ਕੌਰ ਖਰਲ ਦਾ ਵਿਛੋੜਾ
  ਲਖਵੀਰ ਸਿੰਘ ਨਾਮਧਾਰੀ..........................12
* ਮੁਸ਼ਕਲ ਰਾਹਾਂ ਦੀ ਮੁਸਾਫ਼ਰ ਸੂਬਾ ਸੁਰਿੰਦਰ ਕੌਰ ਖਰਲ
  ਅਜੀਤ ਸਿੰਘ ਲਾਇਲ.............................14
* ਸੂਬਾ ਬੀਬੀ ਸੁਰਿੰਦਰ ਕੌਰ ਦਾ ਜੀਵਨ ਸੰਘਰਸ਼
  ਦਵਿੰਦਰ ਸਿੰਘ ਗਿੱਲ................................16
* ਸ਼ਰਧਾ ਸਾਧਨਾ ਅਤੇ ਸਮਰਪਣ ਦੀ ਤ੍ਰਿਮੂਰਤੀ ਸੂਬਾ ਸੁਰਿੰਦਰ ਕੌਰ 'ਖਰਲ'
  ਹਰਪਾਲ ਸਿੰਘ ਸੇਵਕ...............................18
* Suba Surinder Kaur Kharal's Works
  A.S.Panesar...............................................25
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ............................31
* A Saga of Sri Satguru Jagjit Singh ji
  Dr. Sharada Jayagovind ........................34
* ਕਵਿਤਾ.....................................................36
* ਸੁੱਚੇ ਮੋਤੀ..................................................38
* ਬੱਚਿਆਂ ਦਾ ਪੰਨਾ..........................................39
* ਖ਼ਬਰਨਾਮਾ..................................................40


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ


ਸੰਪਾਦਕੀ

# ਸੇਵਾ ਹਰ ਭੇਖ ਦੀ ਕਰਨੀ

ਕੋਰੋਨਾ ਦੀ ਦੂਜੀ ਲਹਿਰ ਦਾ ਗ੍ਰਾਫ਼ ਉੱਤਰੀ ਭਾਰਤ ਵਿੱਚ ਘੱਟ ਰਿਹਾ ਹੈ। ਇਸ ਲਹਿਰ ਨੇ ਕੁਝ ਮਹੀਨਿਆਂ ਵਿੱਚ ਹੀ ਲੱਖਾਂ ਲੋਕਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਮਾਹਰਾਂ ਮੁਤਾਬਕ ਦੂਸਰੀ ਲਹਿਰ ਦੀ ਲਾਗ ਗਤੀ ਪਹਿਲੀ ਨਾਲੋਂ ਵੱਧ ਸੀ। ਹੁਣ ਜਦੋਂ ਦੂਜੀ ਲਹਿਰ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ ਤਾਂ ਤੀਜੀ ਲਹਿਰ ਆਉਣ ਦੀਆਂ ਸੰਭਾਵਤ ਭਵਿੱਖਬਾਣੀਆਂ ਕੀਤੀਆਂ ਜਾ ਰਹੀਆਂ ਹਨ। ਮੌਜੂਦਾ ਹਾਲਾਤ ਇਹ ਹਨ ਕਿ ਸਮਾਜ ਵਿਚ ਕੋਈ ਵੀ ਵਰਗ ਇਸ ਤੋਂ ਅਛੂਤਾ ਨਹੀਂ ਰਿਹਾ। ਦੂਜੀ ਲਹਿਰ ਦੇ ਮਾਰੂ ਪ੍ਰਭਾਵ ਨੇ ਭਾਰਤ ਦੇ ਪਿੰਡਾਂ ਵਿੱਚ ਸੱਥਰ ਵਿਛਾ ਦਿੱਤੇ। ਹਰ ਪਿੰਡ ਵਿੱਚ ਕਈ-ਕਈ ਸਿਵੇ ਬਲ ਚੁੱਕੇ ਹਨ। ਸ਼ਮਸ਼ਾਨ ਘਾਟਾਂ ’ਤੇ ਪਰਿਵਾਰਕ ਮੈਂਬਰਾਂ ਦੀਆਂ ਲੰਬੀਆਂ-ਲੰਬੀਆਂ ਲਾਈਨਾਂ ਆਮ ਦੇਖੀਆਂ ਗਈਆਂ ਹਨ। ਘਰਾਂ ਦੇ ਘਰ ਇਸ ਵਾਇਰਸ ਨੇ ਉਜਾੜ ਦਿੱਤੇ-

ਦੀਵਾਨਾ ਪੂਛਤਾ ਹੈ ਯੇ ਲਹਿਰੋਂ ਸੇ ਬਾਰ-ਬਾਰ
ਕੁਝ ਬਸਤੀਆਂ ਯਹਾਂ ਥੀ ਬਤਾਉ ਕਿਧਰ ਗਈ।

ਹਜ਼ਾਰਾਂ ਹੀ ਲਾਸ਼ਾਂ ਨਦੀਆਂ ਵਿੱਚ ਰੁੜਦੀਆਂ ਦੇਖੀਆਂ ਗਈਆਂ। ਆਕਸੀਜਨ ਦੀ ਘਾਟ ਕਾਰਨ ਲੱਖਾਂ ਲੋਕ ਦਮ ਤੋੜ ਗਏ। ਆਜ਼ਾਦੀ ਦੇ ਇਨੇ ਸਾਲਾਂ ਬਾਅਦ ਵੀ ਪਿੰਡਾਂ ਵਿੱਚ ਮੁਢਲੀਆਂ ਸਿਹਤ ਸੇਵਾਵਾਂ ਦੀ ਪੂਰਤੀ ਨਹੀਂ ਹੋ ਸਕੀ। ਇਸ ਕਰ ਕੇ ਦੂਜੀ ਲਹਿਰ ਦਾ ਪ੍ਰਕੋਪ ਜਦੋਂ ਪਿੰਡਾਂ ਵਿੱਚ ਆਇਆ ਤਾਂ ਮੰਜ਼ਰ ਬਹੁਤ ਭਿਆਨਕ ਹੋ ਗਿਆ। ਇਹ ਵੀ ਗੱਲ ਠੀਕ ਹੈ ਕਿ ਮੁੱਢਲੀਆਂ ਜ਼ਰੂਰਤਾਂ ਤੇ ਸਹੂਲਤਾਂ ਅਸੀਂ ਸਰਕਾਰ ਕੋਲੋਂ ਅੱਜ ਤਕ ਮੰਗੀਆਂ ਹੀ ਨਹੀਂ। ਦੂਜੇ ਪਾਸੇ ਸਰਕਾਰਾਂ ਵੀ ਲੋਕਾਂ ਨੂੰ ਜਾਤੀ, ਧਰਮ, ਨਸਲ ਦੇ ਹਿਸਾਬ ਨਾਲ ਹੀ ਵੰਡਦੀਆਂ ਰਹੀਆਂ ਹਨ। ਸਾਂਝੀਆ ਜਗ੍ਹਾ ਸਕੂਲ, ਹਸਪਤਾਲ, ਖੇਡ ਮੈਦਾਨ ਆਦਿ ਬਣਾਉਣਾ ਕਿਸੇ ਵੀ ਸਰਕਾਰ ਦੀ ਪਹਿਲੀ ਤਰਜੀਹ ਨਹੀਂ ਰਹੀ। ਹੁਣ ਸਵਾਲ ਇਹ ਵੀ ਬਣਦਾ ਹੈ ਕਿ ਜ਼ਿਆਦਾ ਮੌਤਾਂ ਦਾ ਕਾਰਨ ਕੋਰੋਨਾ ਹੈ ਜਾਂ ਮਾੜੀਆਂ ਸਿਹਤ ਸਹੂਲਤਾਂ ? ਸ਼ਹਿਰੀ ਜਨ-ਜੀਵਨ ਕੋਲ ਭਾਵੇਂ ਅਸਮਾਨ ਚੁੰਬੀ ਇਮਾਰਤਾਂ ਵਾਲੇ ਹਸਪਤਾਲ ਹਨ ਪਰ ਉਹ ਵੀ ਛੋਟੇ ਪੈ ਗਏ। ਲੋਕ ਹਸਪਤਾਲਾਂ 'ਚ ਬੈੱਡ ਅਤੇ ਆਕਸੀਜਨ ਦੇ ਸਿਲੰਡਰ ਲੈਣ ਲਈ ਭੱਜ ਦੌੜ ਕਰ ਰਹੇ ਹਨ। ਮੁਨਾਫ਼ਾਖ਼ੋਰਾਂ ਨੇ ਲੱਖਾਂ ਰੁਪਏ ਲੋਕਾਂ ਕੋਲੋਂ ਠੱਗ ਲਏ। ਜਿਸ ਬਾਰੇ ਸ਼ਾਇਦ ਕਦੇ ਕੋਈ ਤਫ਼ਤੀਸ਼ ਨਹੀਂ ਹੋਵੇਗੀ।

ਕੋਰੋਨਾ ਦੀ ਦੂਜੀ ਲਹਿਰ ਨੇ ਨਾਮਧਾਰੀ ਪਰਿਵਾਰਾਂ ਨੂੰ ਵੀ ਵੱਡਾ ਸਦਮਾ ਪਹੁੰਚਾਇਆ ਹੈ। ਸਾਡੇ ਕਈ ਅਜ਼ੀਜ ਬਜ਼ੁਰਗ, ਨੌਜਵਾਨ ਇਸ ਦੀ ਲਪੇਟ ਵਿਚ ਆਏ ਹਨ। ਸਤਿਗੁਰੂ ਜੀ ਦੀ ਕਿਰਪਾ ਨਾਲ ਬਹੁਤ ਸਾਰੇ ਪਰਿਵਾਰਾਂ ਦਾ ਇਲਾਜ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਿਚ ਕਰਵਾਇਆ ਗਿਆ ਹੈ। ਹੋਰ ਵੀ ਹਰ ਸੰਭਵ ਮੱਦਦ ਸਤਿਗੁਰੂ ਜੀ ਵੱਲੋਂ ਕੀਤੀ ਜਾ ਰਹੀ ਹੈ।

ਦੂਜੇ ਪਾਸੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਲੋਕਾਂ ਦੀ ਮਦਦ ਕਰ ਰਹੀਆਂ ਹਨ। ਸੋਸ਼ਲ ਮੀਡੀਆ ਰਾਂਹੀ ਲੋੜਵੰਦਾ ਤੱਕ ਪਹੁੰਚ ਕਰਕੇ ਬਹੁਤ ਸਾਰੇ ਨੌਜਵਾਨਾਂ ਨੇ ਲੋਕਾਂ ਦੀ ਜਾਨ ਬਚਾਈ ਹੈ। ਸਮੱਸਿਆਵਾਂ ਦੇ ਪਹਾੜ ਦਿਨ-ਬਾ-ਦਿਨ ਉੱਚੇ ਹੋ ਰਹੇ ਹਨ। ਕਰੋਨਾ ਕਾਲ ਨੇ ਬਹੁਤ ਵੱਡੀ ਸੱਟ ਮਨੁੱਖੀ ਦਿਮਾਗ ਦੇ ਸੰਤੁਲਨ 'ਤੇ ਮਾਰੀ ਹੈ। ਮਾਨਸਿਕ ਰੋਗੀਆਂ ਦੀ ਤਦਾਦ ਵਧ ਰਹੀ ਹੈ। ਕਈ ਲੋਕਾਂ ਦਾ ਮੰਨਣਾ ਹੈ ਕਿ ਕਰੋਨਾ ਮਨੋਬਲ ਨੂੰ ਭਾਰੀ ਠੇਸ ਪਹੁੰਚਾਉਂਦਾ ਹੈ। ਜਿਸ ਕਰਕੇ ਮਰੀਜ਼ ਨੂੰ ਵਾਪਸ ਸਿਹਤਮੰਦ ਹੋਣ ਲਈ ਕਾਫ਼ੀ ਮੁਸ਼ਕਲ ਆਉਂਦੀ ਹੈ।

ਪਿਛਲੇ ਦਿਨੀਂ ਕਰੋਨਾ ਕਾਰਨ ਲੇਖਿਕਾ ਸੂਬਾ ਸੁਰਿੰਦਰ ਕੌਰ ਖਰਲ ਦੇ ਚਲੇ ਜਾਣ ਕਾਰਨ ਨਾਮਧਾਰੀ ਸਾਹਿਤ ਅਤੇ ਇਤਿਹਾਸ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਮਈ ਮਹੀਨੇ ਦੀ 21 ਤਰੀਕ ਨੂੰ ਸੂਬਾ ਸੁਰਿੰਦਰ ਕੌਰ ਜੀ ਖਰਲ ਨੂੰ ਇਸ ਵਾਇਰਸ ਨੇ ਪੂਰੀ ਤਰ੍ਹਾਂ ਨਿਢਾਲ ਕਰ ਦਿੱਤਾ ਸੀ। ਜਿਸ ਕਰਕੇ ਉਨ੍ਹਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਸੂਬਾ ਜੀ ਦੇ ਸਰੀਰ ਅੰਦਰ ਲਹੂ ਦੇ ਧੱਬੇ (clot) ਬਣ ਗਏ ਸਨ, ਜਿਸ ਕਰਕੇ ਸਰੀਰ ਬਿਮਾਰੀ ਨਾਲ ਲੜਨ ਤੋਂ ਅਸਮਰੱਥ ਹੋ ਗਿਆ। 30 ਮਈ ਦੀ ਸ਼ਾਮ ਨੂੰ ਸੂਬਾ ਜੀ ਇਸ ਅਸਾਰ ਸੰਸਾਰ ਨੂੰ ਅਲਵਿਦਾ ਆਖ ਗਏ। ਸਾਹਿਤਕ ਜਗਤ ਵਿੱਚ ਇਹ ਖ਼ਬਰ ਪਹੁੰਚਣ ਨਾਲ ਸੋਗ ਦੀ ਲਹਿਰ ਛਾ ਗਈ। ਸੂਬਾ ਸੁਰਿੰਦਰ ਕੌਰ ਜੀ ਇੱਕ ਸਿਦਕੀ ਸਿਰੜੀ ਅਣਥੱਕ ਮਨੁੱਖ ਸਨ। ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ-ਨਾਲ ਉਨ੍ਹਾਂ ਨੇ ਇਤਿਹਾਸ ਅਤੇ ਸਾਹਿਤ ਵਿੱਚ ਵਡਮੁੱਲਾ ਯੋਗਦਾਨ ਪਾਇਆ। ਤਿੰਨਾਂ ਵੱਡੇ ਸਾਕਿਆਂ ਦੇ ਨਾਮਧਾਰੀ ਸ਼ਹੀਦਾਂ ਦੀ ਖੋਜ ਲਈ ਉਨ੍ਹਾਂ ਹਜ਼ਾਰਾਂ ਕਾਗਜ਼ਾਂ ਨੂੰ ਲੱਭਿਆ ਪੜ੍ਹਿਆ ਅਤੇ ਸੰਭਾਲਿਆ। ਪਤੀ ਸਰਦਾਰ ਭਗਵੰਤ ਸਿੰਘ ਹੁਰਾਂ ਨੇ ਆਖ਼ਰੀ ਵਕਤ ਤਕ ਪਰਛਾਵੇਂ ਵਾਂਗ ਉਨ੍ਹਾਂ ਦਾ ਸਾਥ ਦਿੱਤਾ। ਜਿਸ ਕਰਕੇ ਉਹ ਇੱਡੇ ਵੱਡੇ ਕਾਰਜ ਨੂੰ ਨੇਪਰੇ ਚਾੜ੍ਹ ਸਕੇ। ਆਪ ਦੀਆਂ ਲਗਭਗ ਦੋ ਦਰਜਨ ਪੁਸਤਕਾਂ ਛਾਪੇ ਦਾ ਜਾਮਾ ਪਹਿਨ ਚੁੱਕੀਆਂ ਹਨ ਅਤੇ ਕੁਝ ਅਣਛਪੀਆਂ ਵਾਰੀ ਦੀ ਉਡੀਕ ਵਿੱਚ ਹਨ। ਕਵਿਤਾ ਤੋਂ ਸ਼ੁਰੂਆਤ ਕਰਕੇ ਸੂਬਾ ਖਰਲ ਜੀ ਵੱਖ-ਵੱਖ ਸਾਹਿਤਕ ਵਿਧਾਵਾਂ ਵਿੱਚ ਹੱਥ ਅਜਮਾਏ। ਸੂਬਾ ਜੀ ਸੱਚੇ-ਸੁਚੇ ਗੁਰਸਿਖਾਂ ਵਾਲਾ ਜੀਵਨ ਬਤੀਤ ਕੀਤਾ। ਸਤਿਗੁਰੂ ਜੀ ਪ੍ਰਤੀ ਆਪ ਜੀ ਦੀ ਸ਼ਰਧਾ ਅਥਾਹ ਸੀ। 'ਬਖ਼ਸ਼ਿਸ਼' ਕਿਤਾਬ ਵਿੱਚ ਆਪ ਨੇ ਆਪਣੇ ਅਹਿਸਾਸ ਨੂੰ ਸਤਿਗੁਰੂ ਜੀ ਪ੍ਰਤੀ ਇਸ ਤਰ੍ਹਾਂ ਬਿਆਨ ਕੀਤਾ ਹੈ-

ਕਦੇ ਕਦੇ,
ਆਪਾ ਤੇਰੀਆਂ ਬਖ਼ਸ਼ਿਸ਼ਾਂ ਦੇ
ਤੇਰੇ ਮਿੱਠੇ ਬਚਨਾਂ ਦੇ
ਕਾਬਲ ਨਹੀਂ ਲਗਦਾ
ਤੇ ਮੇਰੀ 'ਮੈਂ'
ਸੁੰਗੜਦੀ-ਸੁੰਗੜਦੀ
ਗੁਆਚਦੀ-ਗੁਆਚਦੀ
ਤੇਰੇ ਵਿੱਚ ਹੀ ਸਮਾ ਜਾਂਦੀ ਹੈ।
ਤੇਰੇ ਵਿੱਚ ਹੀ ਸਮਾ ਜਾਂਦੀ ਹੈ।

ਇਸ ਤਰ੍ਹਾਂ 'ਮੈਂ' ਤੋਂ 'ਤੂੰ' ਦਾ ਸਫ਼ਰ ਤਹਿ ਕਰਨ ਵਾਲੀ ਸਾਡੀ ਲੇਖਿਕਾ ਕੋਰੋਨਾ ਕਾਰਨ ਸਾਡੇ ਕੋਲੋਂ ਵਿਛੜ ਗਈ।

ਹੁਣ ਜਦੋਂ ਅਸੀਂ ਇਸ ਤਰ੍ਹਾਂ ਦੇ ਭਿਆਨਕ ਦੌਰ ਵਿੱਚੋਂ ਗੁਜ਼ਰ ਰਹੇ ਹਾਂ ਤਾਂ ਸਾਡੇ ਲਈ ਜ਼ਰੂਰੀ ਹੈ, ਕਿ ਅਸੀਂ ਵੱਧ ਤੋਂ ਵੱਧ ਮਦਦ ਲਈ ਅੱਗੇ ਆਈਏ। ਜੋ ਲੋਕ ਇਸ ਬਿਮਾਰੀ ਵਿੱਚ ਘਰ ਦੇ ਕਮਾਊ ਮੈਂਬਰਾਂ ਨੂੰ ਗਵਾ ਚੁੱਕੇ ਹਨ, ਉਨ੍ਹਾਂ ਦੀ ਹਰ ਸੰਭਵ ਮੱਦਦ ਕਰੀਏ। ਅੱਜ ਸਾਡੇ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਉਨ੍ਹਾਂ ਪਵਿੱਤਰ ਸ਼ਬਦਾਂ ਨੂੰ ਯਾਦ ਰੱਖਣ ਦੀ ਲੋੜ ਹੈ ਜੋ ਹਰ ਨਾਮਧਾਰੀ ਲਈ ਉਨ੍ਹਾਂ ਨੇ ਕਹੇ ਸਨ-

'ਸੇਵਾ ਹਰ ਭੇਖ ਦੀ ਕਰਨੀ'

ਇਸ ਕਰਕੇ ਸਤਿਗੁਰੂ ਉਦੇ ਸਿੰਘ ਜੀ ਵੀ ਬਾਰ-ਬਾਰ ਹੁਕਮ ਕਰਦੇ ਹਨ ਕਿ ਇਸ ਔਖੇ ਸਮੇਂ ਵਿੱਚ ਆਪਣੇ ਆਲੇ-ਦੁਆਲੇ ਦੇ ਲੋਕ ਜਿਨ੍ਹਾਂ ਕੋਲ ਦਵਾਈ, ਰੋਟੀ, ਕੱਪੜਾ ਨਹੀਂ। ਉਹਨਾਂ ਦੀ ਵੱਧ ਤੋਂ ਵੱਧ ਮੱਦਦ ਕਰੋ।

**ਗੁਰਲਾਲ ਸਿੰਘ**

........................................................

# ਗੁਰਬਾਣੀ ਵਿਆਖਿਆ- ਜਪੁ ਸਾਹਿਬ

**ਅਸੰਖ ਜਪ ਅਸੰਖ ਭਾਉ ॥**
ਅਨੇਕ ਜੀਵ ਤੈਨੂੰ ਜਪਦੇ ਹਨ, ਅਨੇਕਾਂ ਹੀ ਤੈਨੂੰ ਪਿਆਰ ਕਰਦੇ ਹਨ।
Countless people repetitively meditate on You, countless others love you

**ਅਸੰਖ ਪੂਜਾ ਅਸੰਖ ਤਪ ਤਾਉ ॥**
ਅਨੇਕਾਂ ਪੂਜਾ ਕਰਦੇ ਹਨ ਅਤੇ ਅਨੇਕਾਂ ਹੀ ਤਪ ਸਾਧ ਰਹੇ ਹਨ।
Countless people pray to You, while countless others are performing disciplined spiritual practice.

**ਅਸੰਖ ਗਰੰਥ ਮੁਖਿ ਵੇਦ ਪਾਠ ॥**
ਅਨੇਕਾਂ ਹੀ ਗ੍ਰੰਥਾਂ ਅਤੇ ਵੇਦਾਂ ਦਾ ਮੂੰਹ ਨਾਲ ਪਾਠ ਕਰ ਰਹੇ ਹਨ।
Countless people are reciting various scriptures.

**ਅਸੰਖ ਜੋਗ ਮਨਿ ਰਹਹਿ ਉਦਾਸ ॥**
ਅਨੇਕਾਂ ਹੀ ਮਨ ਵਿੱਚ ਸੰਸਾਰ ਵਲੋਂ ਉਦਾਸ ਰਹਿ ਕੇ ਯੋਗ ਕਰ ਰਹੇ ਹਨ।
Countless *Yogis* have detached themselves from worldly affairs.

**ਅਸੰਖ ਭਗਤ ਗੁਣ ਗਿਆਨ ਵੀਚਾਰ ॥**
ਅਨੇਕਾਂ ਐਸੇ ਭਗਤ ਹਨ, ਜੋ ਪ੍ਰਭੂ ਦੇ ਗੁਣਾਂ ਅਤੇ ਗਿਆਨ ਦੀ ਵਿਚਾਰ ਕਰ ਰਹੇ ਹਨ।
There are countless devotees, who are discussing about the virtues and knowledge of the God.

**ਅਸੰਖ ਸਤੀ ਅਸੰਖ ਦਾਤਾਰ ॥**
ਅਨੇਕਾਂ ਪਵਿੱਤਰ ਜੀਵ ਹਨ, ਅਨੇਕਾਂ ਹੀ ਦਾਤੇ ਹਨ।
There are countless pious people as well as countless generous ones.

**ਅਸੰਖ ਸੂਰ ਮੁਹ ਭਖ ਸਾਰ ॥**
ਅਨੇਕਾਂ ਸੂਰਮੇ ਹਨ, ਜੋ ਯੁਧ ਵਿੱਚ ਸਸਤਰਾਂ ਦੀ ਚੋਟਾਂ ਸਹਾਰਦੇ ਹਨ।
There are countless warriors, who endure the onslaught of war weapons.

**ਅਸੰਖ ਮੋਨਿ ਲਿਵ ਲਾਇ ਤਾਰ ॥**
ਅਨੇਕਾਂ ਐਸੇ ਮੋਨੀ (ਚੁੱਪ ਰਹਿਨ ਵਾਲੇ) ਹਨ, ਜਿਨ੍ਹਾਂ ਇੱਕ ਰਸ ਸਮਾਧੀ ਲਾਈ ਹੋਈ ਹੈ।
Countless people practice silence and remain in deep meditation.

**ਕੁਦਰਤਿ ਕਵਣ ਕਹਾ ਵੀਚਾਰੁ ॥**
ਤੇਰੀ ਕੁਦਰਤ ਨੂੰ ਵਿਚਾਰਨ ਦੀ ਮੇਰੇ ਵਿੱਚ ਕੀ ਤਾਕਤ ਹੈ?

I am not capable of understanding the phenomenal nature of Your universe.

**ਵਾਰਿਆ ਨ ਜਾਵਾ ਏਕ ਵਾਰ ॥**
ਮੈਂ ਤਾਂ ਤੇਰੇ ਉਤੋਂ ਇੱਕ ਵਾਰੀ ਵੀ ਕੁਰਬਾਨ ਹੋਣ ਜੋਗਾ ਨਹੀਂ ਹਾਂ।
I am not capable of being a sacrifice onto You even once.

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**
ਜੋ ਤੈਨੂੰ ਭਾਉਂਦੀ ਹੈ, ਉਹੀ ਕਾਰ ਚੰਗੀ ਹੈ।
Whatever You (God) prefer, that itself is good.

**ਤੂ ਸਦਾ ਸਲਾਮਤਿ ਨਿਰੰਕਾਰ ॥੧੭॥**
ਹੇ ਆਕਾਰ ਰਹਿਤ ਪ੍ਰਭੂ! ਤੂੰ ਸਦਾ ਰਹਿਣ ਵਾਲਾ ਹੈਂ।
O formless God ! You are eternal.

**ਅਸੰਖ ਮੂਰਖ ਅੰਧ ਘੋਰ ॥**
ਅਨੇਕਾਂ ਹੀ ਮਹਾਨ ਅੰਨ੍ਹੇ ਅਤੇ ਮੂਰਖ ਹਨ।
There are countless spiritually blind and foolish people.

**ਅਸੰਖ ਚੋਰ ਹਰਾਮਖੋਰ ॥**
ਅਨੇਕਾਂ ਹੀ ਬਿਗਾਨਾ ਹੱਕ ਖਾਣ ਵਾਲੇ ਚੋਰ ਹਨ।
Countless people steal and cheat others.

**ਅਸੰਖ ਅਮਰ ਕਰਿ ਜਾਹਿ ਜੋਰ ॥**
ਅਨੇਕਾਂ ਹੀ ਧੱਕੇ ਨਾਲ ਰਾਜ ਕਰਕੇ ਤੁਰ ਜਾਂਦੇ ਹਨ।
Countless people rule forcibly and die.

**ਅਸੰਖ ਗਲਵਢ ਹਤਿਆ ਕਮਾਹਿ ॥**
ਅਨੇਕਾਂ ਹੀ ਗਲ ਵੱਢ ਕੇ ਹੱਤਿਆ ਕਰਨ ਵਾਲੇ ਖ਼ੂਨੀ ਹਨ।
Countless people murder and butcher by beheading.

**ਅਸੰਖ ਪਾਪੀ ਪਾਪੁ ਕਰਿ ਜਾਹਿ ॥**
ਅਨੇਕਾਂ ਹੀ ਪਾਪੀ ਪਾਪ ਕਰਕੇ ਇੱਥੋਂ ਤੁਰ ਜਾਂਦੇ ਹਨ।
Countless people commit sin and die.

**ਅਸੰਖ ਕੂੜਿਆਰ ਕੂੜੇ ਫਿਰਾਹਿ ॥**
ਅਨੇਕਾਂ ਹੀ ਝੂਠੇ ਝੂਠ ਵਿੱਚ ਹੀ ਰੁੱਝੇ ਰਹਿੰਦੇ ਹਨ।
Countless liars remain busy in living a life of deception

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ.....**

# ਸੂਬਾ ਸੁਰਿੰਦਰ ਕੌਰ ਖਰਲ
# ਇੱਕ ਸ਼ਰਧਾਂਜਲੀ

**ਸੁਵਰਨ ਸਿੰਘ ਵਿਰਕ**
**99963-71716**



ਸਤਿਗੁਰੂ ਜਗਜੀਤ ਸਿੰਘ ਜੀ ਦੀ ਮਿਹਰ ਨਜ਼ਰ ਦੁਆਰਾ ਤਰਾਸ਼ੇ ਅਨੇਕਾਂ ਹੀਰੇ ਮੋਤੀਆਂ ਵਿੱਚੋਂ ਸੂਬਾ ਸੁਰਿੰਦਰ ਕੌਰ ਜੀ 'ਖਰਲ' ਉਜਲ ਦੀਦਾਰ ਅਤੇ ਨਿਰਮਲ ਬੁੱਧ ਵਾਲੀ ਵਿਲੱਖਣ ਹਸਤੀ ਸਨ। ਜਦੋਂ ਤੋਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਦਿਲ ਦਿਮਾਗ ਦੇ ਗੁਣਾਂ ਨਾਲ ਭਰਪੂਰ ਇੱਕ ਸੂਝਵਾਨ ਸੁਆਣੀ ਦੇ ਤੌਰ 'ਤੇ ਪੰਥਕ ਸੇਵਾ ਦੇ ਕਾਰਜਾਂ ਵਿਚ ਉਤਾਰਿਆ, ਉਨ੍ਹਾਂ ਨੇ ਫਿਰ ਪਿੱਛੇ ਮੁੜ ਕੇ ਨਹੀਂ ਵੇਖਿਆ ਅਤੇ ਆਪਣੇ ਸੱਤਾਂ ਕੁ ਦਹਾਕਿਆਂ ਤੇ ਫੈਲੇ ਜੀਵਨ ਦਾ ਅੱਧਿਓਂ ਵੱਧ ਸਮਾਂ ਹੁਕਮ ਅਨੁਸਾਰ ਸੇਵਾ ਕਰਦਿਆਂ ਪੂਰੀ ਤਨਦੇਹੀ ਨਾਲ ਸਮਰਪਣ ਭਾਵਨਾ ਵਿੱਚ ਬਤੀਤ ਕੀਤਾ। ਇਤਿਹਾਸ ਵਿਚ ਹਾਸਲ ਕੀਤੀ ਆਪਣੀ ਡਿਗਰੀ ਨੂੰ ਰੋਜ਼ੀ ਰੋਟੀ ਜਾਂ ਕੈਰੀਅਰ ਉਸਾਰੀ ਲਈ ਨਾਂ ਵਰਤਦਿਆਂ ਨਾਮਧਾਰੀ ਇਤਿਹਾਸ ਲੇਖਣ ਅਤੇ ਖੋਜ ਦੇ ਜ਼ਿੰਮੇ ਲਾ ਦਿੱਤਾ। ਇਸ ਕਾਰਜ ਵਿੱਚ ਉਨ੍ਹਾਂ ਲਈ ਘਰ ਗ੍ਰਿਹਸਤੀ ਬਾਧਕ ਨਾ ਬਣੀ ਅਤੇ ਨਾ ਹੀ ਕੋਈ ਹੋਰ ਲੋਭ ਲਾਲਚ। ਉਹ ਆਪ ਤੇ ਘਰੋਂ ਨਿਕਲਦੇ ਹੀ ਸਨ ਸਗੋਂ ਪਤੀ ਦੇਵ ਸੰਤ ਭਗਵੰਤ ਸਿੰਘ ਹੋਰਾਂ ਨੂੰ ਵੀ ਨਾਲ ਹੀ ਤੋਰ ਲੈਂਦੇ ਸਨ। ਇਸ ਤਰ੍ਹਾਂ ਉਹ ਸਤਿਗੁਰੂ ਜੀ ਦਾ ਬਚਨ ਵੀ ਨਿਭਾ ਰਹੇ ਸਨ। ਆਪ ਨੇ ਦੋਹਾਂ ਨੂੰ ਹਮੇਸ਼ਾ ਇਕੱਠੇ ਰਹਿਣ ਦਾ ਫਰਮਾਇਆ ਸੀ। ਉਨ੍ਹਾਂ ਨੇ ਇਤਿਹਾਸ ਖੋਜ ਦੇ ਸਿਲਸਿਲੇ ਵਿੱਚ ਦੇਸ ਪ੍ਰਦੇਸ ਵਿੱਚ ਅਨੇਕਾਂ ਲੰਮੀਆਂ ਯਾਤਰਾਵਾਂ ਕੀਤੀਆਂ ਅਤੇ ਦੋਵੇਂ ਜਣੇ ਹਮੇਸ਼ਾਂ ਪਰਛਾਵੇਂ ਜਿਉਂ ਇੱਕ ਦੂਜੇ ਦੇ ਅੰਗ-ਸੰਗ ਰਹਿੰਦੇ ਸਨ। ਸਿਹਤ ਪੱਖੋਂ ਸੂਬਾ ਜੀ ਆਪਣੇ ਚਲਾਣੇ ਤੋਂ ਵੀਹ ਪੱਚੀ ਦਿਨ ਪਹਿਲਾਂ ਤੱਕ ਬਿਲਕੁੱਲ ਠੀਕ-ਠਾਕ ਸਨ। ਬਾਵਜੂਦ ਦਿਲ ਅਤੇ ਸ਼ੂਗਰ ਦੀਆਂ ਸਮੱਸਿਆਵਾਂ ਦੇ ਪ੍ਰੰਤੂ ਭਗਵੰਤ ਸਿੰਘ ਅਕਸਰ ਢਿੱਲੇ ਮੱਠੇ ਰਹਿੰਦੇ ਸਨ। ਉਹ ਦੱਸ ਰਹੇ ਸਨ ਕਿ ਮੈਂ ਸੂਬਾ ਜੀ ਨੂੰ ਕਹਿੰਦਾ ਹੁੰਦਾ ਸਾਂ ਕਿ ਜਦੋਂ ਮੈਂ ਸਰੀਰ ਛੱਡਾਂ ਤਾਂ ਮੇਰਾ ਸਸਕਾਰ ਵੀ ਸ੍ਰੀ ਭੈਣੀ ਸਾਹਿਬ ਕਰਨਾ ਅਤੇ ਭੋਗ ਵੀ ਇੱਥੇ ਹੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਉਣਾ ਪਰ ਇਹ ਕੀ ਪਤਾ ਸੀ ਕਿ ਇਨ੍ਹਾਂ ਹਦਾਇਤਾਂ 'ਤੇ ਉਨ੍ਹਾਂ ਤੋਂ ਪਹਿਲਾਂ ਅਮਲ ਸੂਬਾ ਸੁਰਿੰਦਰ ਕੌਰ ਖਰਲ ਹੋਰਾਂ ਨੇ ਕਰ ਲੈਣਾ ਸੀ।

ਸੂਬਾ ਖਰਲ ਜੀ ਦੇ ਪਿਤਾ ਦੀ ਮਾਸੀ ਦਾ ਸਹੁਰਾ ਪਿੰਡ ਕਦੇ ਫ਼ਿਰੋਜ਼ਪੁਰ ਅਤੇ ਹੁਣ ਮੋਗਾ ਜ਼ਿਲ੍ਹੇ ਦਾ ਕੂਕਿਆਂ ਦਾ ਮਸ਼ਹੂਰ ਪਿੰਡ ਸੈਦੋਕੇ ਸੀ। ਇਹ ਉਹੀ ਪਿੰਡ ਹੈ ਜਿਥੋਂ ਦੇ ਇਕ ਡੇਰੇ ਤੇ ਰਹਿਣ ਵਾਲੇ ਉਦਾਸੀ ਸਾਧ ਨੇ ਸੂਬਾ ਜਵਾਹਰ ਸਿੰਘ ਹੋਰਾਂ ਨੂੰ ਨਿਰਮਲ ਭੇਖ ਵਿਚ ਰਹਿੰਦਿਆਂ ਨੂੰ ਦੱਸ ਪਾਈ ਸੀ, ਕਿ ਵੇਲੇ ਦਾ ਅਵਤਾਰ ਤਾਂ ਹੁਣ ਲੁਧਿਆਣਾ ਜ਼ਿਲ੍ਹੇ ਦੇ ਭੈਣੀ ਰਾਈਆਂ ਪਿੰਡ ਵਿੱਚ ਪ੍ਰਗਟ ਹੋਇਆ ਹੈ ਤੇ ਫੇਰ ਉਹ ਸਤਿਗੁਰੂ ਜੀ ਪਾਸ ਪੁੱਜੇ। ਇੱਥੋਂ ਦੇ ਮਸ਼ਹੂਰ ਕੂਕਾ ਮੁਖੀ ਸੂਬਾ ਮਾਨ ਸਿੰਘ ਜੀ ਨੂੰ ਸਤਿਗੁਰੂ ਜੀ ਨੇ ਦੇ ਨਾਲ ਹੀ ਦੇਸ਼ ਨਿਕਾਲਾ ਮਿਲਿਆ ਸੀ ਅਤੇ ਉਨ੍ਹਾਂ ਦੇਸ ਆਜ਼ਾਦੀ ਦੇ ਜੁਰਮ ਵਿੱਚ ਚੁਨਾਰ ਦੇ ਕਿਲ੍ਹੇ ਵਿੱਚ 15 ਸਾਲਾਂ ਤੋਂ ਵੱਧ ਕੈਦ ਕੱਟ ਕੇ ਪੰਜਾਬ ਵਾਪਸੀ ਬਾਅਦ ਆਖ਼ਰੀ ਉਮਰ ਵੀ ਜੂਹਬੰਦੀ ਵਿੱਚ ਭੋਗੀ ਸੀ। ਰਾਏਕੋਟ ਮਲੇਰਕੋਟਲਾ ਵਿੱਚ ਸ਼ਹੀਦ ਹੋਣ ਵਾਲੇ ਨਾਮਧਾਰੀ ਸਿੰਘਾਂ ਦੇ ਅਨੇਕ ਪਿੰਡ ਰਾਮਪੁਰਾ ਫੂਲ, ਬਰਨਾਲਾ ਇਲਾਕੇ ਨਾਲ ਹੀ ਸਬੰਧਿਤ ਹਨ। ਵੀਹਵੀਂ ਸਦੀ ਦੇ ਮਾਲਵੇ ਵਿੱਚ ਨਾਮਧਾਰੀ ਪ੍ਰਚਾਰ ਵਿੱਚ ਗੁਆਂਢੀ ਪਿੰਡ ਹਿੰਮਤਪੁਰਾ ਦੇ ਸੰਤ ਕਰਮ ਸਿੰਘ ਜੀ ਮੋਹਰੀ ਸਨ। ਮਾਸੀ ਪਾਸ ਵੱਸਣ ਵਾਲਾ ਮਾਂ ਮਹਿਟਰ ਗੁਰਚਰਨ ਸਿੰਘ ਖਰਲ, ਸੰਤ ਜੀ ਦਾ ਗੜਵਈ ਵੀ ਰਿਹਾ ਸੀ। ਸੰਤ ਜੀ ਗੁਰਚਰਨ ਸਿੰਘ ਦੀ ਸੇਵਾ ਤੇ ਪ੍ਰਸੰਨ ਹੋ ਕੇ ਉਸ ਨੂੰ ਬਹੁਤ ਖਸ਼ੀਆਂ ਦਿਆ ਕਰਦੇ ਸਨ। ਬਾਅਦ ਵਿਚ ਉੱਚ ਸਿੱਖਿਆ ਹਾਸਲ ਕਰਕੇ 1947 ਤੋਂ ਬਾਅਦ ਗੁਰਚਰਨ ਸਿੰਘ ਕਲਿੰਗਾ ਏਅਰਵੇਜ਼ ਵਿੱਚ ਗਰਾਊਂਡ ਇੰਜੀਨੀਅਰ ਦੀ ਵੱਡੀ ਨੌਕਰੀ 'ਤੇ ਲੱਗ ਗਿਆ ਸੀ। ਹੰਡਿਆਏ ਦੀ ਬੀਬੀ ਗੁਰਦੇਵ ਕੌਰ ਨਾਲ ਉਨ੍ਹਾਂ ਦਾ ਆਨੰਦ ਕਾਰਜ ਹੋਇਆ ਸੀ, ਇਸ ਜੋੜੀ ਦੇ ਘਰ ਬੀਬੀ ਖਰਲ ਦਾ ਜਨਮ 19 ਜਨਵਰੀ 1952 ਨੂੰ ਮੁੰਬਈ ਵਿਖੇ ਹੋਇਆ। ਉਹ ਚਾਰ ਭੈਣ ਭਰਾ ਸਨ। ਪਹਿਲੀਆਂ ਤਿੰਨ ਜਮਾਤਾਂ ਸੁਰਿੰਦਰ ਕੌਰ ਹੋਣਾ ਬੰਬਈ ਵਿਖੇ ਹੀ ਪੜ੍ਹੀਆਂ ਸਨ। ਘਰ ਪਰਿਵਾਰ ਬੜੇ ਠਾਠ-ਬਾਠ ਵਿੱਚ ਸੀ। ਅੰਗਰੇਜ਼ ਹੁਣ

ਕਲਿੰਗ ਏਅਰਵੇਜ਼ ਵੇਚ ਕੇ ਜਾ ਰਹੇ ਸਨ। ਖ਼ਰੀਦਦਾਰਾਂ ਵਿੱਚ ਬੀਜੂ ਪਟਨਾਇਕ ਵੀ ਸੀ। ਅਚਾਨਕ ਈਰਖਾ ਦੇ ਸ਼ਿਕਾਰ ਹੋ ਕੇ ਕਿਸੇ ਦੋਖੀ ਨੇ ਗੁਰਚਰਨ ਸਿੰਘ ਨੂੰ ਦੁੱਧ ਵਿੱਚ ਜ਼ਹਿਰ ਪਿਲਾ ਦਿੱਤਾ। ਚਾਰੇ ਬੱਚੇ ਯਤੀਮ ਹੋ ਗਏ। ਮਾਤਾ ਗੁਰਦੇਵ ਕੌਰ ਬੱਚਿਆਂ ਨੂੰ ਲੈ ਕੇ ਅਤੇ ਘਰ ਦੀ ਛੱਲੀ ਪੂਣੀ ਵੇਚ ਵੱਟ ਕੇ ਬਰਨਾਲੇ ਆ ਗਏ ਜਿੱਥੇ ਗੁਰਚਰਨ ਸਿੰਘ ਹੋਰਾਂ ਦੇ ਵੱਡੇ ਭਾਈ ਸਾਹਿਬ ਜਿਨ੍ਹਾਂ ਦੇ ਸਪੁੱਤਰ ਵੈਦ ਅਤੇ ਸਾਹਿਤਕਾਰ ਪ੍ਰੀਤਮ ਸਿੰਘ ਰਾਹੀ ਰਹਿੰਦੇ ਸਨ। ਹੌਲੀ-ਹੌਲੀ ਆਪਣਾ ਮਕਾਨ ਬਣਾਇਆ ਅਤੇ ਮਾਤਾ ਨੇ ਗੁਰਚਰਨ ਸਿੰਘ ਦੀ ਭੈਣੀ ਮਹਿਰਾਜ ਵਿਚਲੀ ਕੁਝ ਪਰਿਵਾਰਕ ਜ਼ਮੀਨ ਦੇ ਸਹਾਰੇ ਦਿਨ ਕਟੀ ਕੀਤੀ। ਉਸ ਦਲੇਰ ਔਰਤ ਨੇ ਲੱਕ ਬੰਨ੍ਹ ਕੇ ਚਾਰਾਂ ਬੱਚਿਆਂ ਨੂੰ ਪਾਲਿਆ ਪੋਸਿਆ ਪੜ੍ਹਾਇਆ ਅਤੇ ਕੰਮਾਂ-ਕਾਰਾਂ 'ਤੇ ਲਾਇਆ।

ਦਸਵੀਂ ਪਾਸ ਕਰਨ ਤੋਂ ਬਾਅਦ ਖਰਲ ਕਾਲਜ ਵਿੱਚ ਜਾਣਾ ਚਾਹੁੰਦੀ ਸੀ ਪਰ ਘਰੇਲੂ ਹਾਲਾਤ ਆਗਿਆ ਨਹੀਂ ਦਿੰਦੇ ਸਨ। ਐਸ. ਡੀ. ਕਾਲਜ ਬਰਨਾਲਾ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਸੁਹਿਰਦਤਾ ਕਾਰਨ ਕਾਲਜ ਵਲੋਂ ਫ਼ੀਸ ਮੁਆਫ਼ ਹੋਈ ਅਤੇ ਕਿਤਾਬਾਂ ਵੀ ਮਿਲ ਗਈਆਂ। ਇੰਝ ਉਨ੍ਹਾਂ ਨੇ ਬੀ.ਏ. ਦੀ ਪੜ੍ਹਾਈ ਪੂਰੀ ਕਰ ਲਈ। ਇਸੇ ਕਾਲਜ ਪੜ੍ਹਦਿਆਂ ਕਾਲਜ ਮੈਗਜ਼ੀਨ ਵਾਸਤੇ 1966 ਤੋਂ ਕਵਿਤਾਵਾਂ, ਲੇਖ ਆਦਿ ਲਿਖਣ ਲੱਗ ਪਏ ਅਤੇ ਇਉਂ ਉਨ੍ਹਾਂ ਨੂੰ ਲਿਖਣ ਪੜ੍ਹਨ ਦੀ ਪੱਕੀ ਚੇਟਕ ਲੱਗ ਗਈ। ਜਿੱਥੇ ਉਨ੍ਹਾਂ ਦੇ ਤਾਏ ਦੇ ਪੁੱਤ ਭਰਾ ਰਾਹੀ ਜੀ ਤਾਂ ਬੁਲੰਦ ਸਾਹਿਤਕ ਹਸਤੀ ਸਨ, ਜਿਨ੍ਹਾਂ ਦੀ ਵੈਦਗੀ ਦੀ ਦੁਕਾਨ ਦੀ ਜ਼ਿਆਰਤ, ਬਰਨਾਲੇ ਆਇਆ ਹਰ ਸਾਹਿਤਕਾਰ ਕਰਨਾ ਧੰਨ ਭਾਗ ਸਮਝਦਾ ਸੀ। ਬੀਬੀ ਦਾ ਦਿੱਲੀ ਵਸਿਆ ਵੱਡਾ ਭਾਈ ਮੋਹਨ ਸਿੰਘ ਮਹਿਰਮ ਵੀ ਕਵਿਤਾ ਲਿਖਦਾ ਸੀ। ਸੋ ਇਸ ਪਰਿਵਾਰਕ ਮਾਹੌਲ ਦਾ, ਮਾਲਵੇ ਦੇ ਉੱਭਰਦੇ ਲੇਖਕਾਂ ਦਾ ਕੇਂਦਰ ਬਰਨਾਲਾ ਅਤੇ ਇੱਥੋਂ ਦੀ ਸਾਹਿਤ ਸਭਾ ਹੋਣੀ, ਇਹ ਮਾਹੌਲ ਵੀ ਖਰਲ ਜੀ ਨੂੰ ਸਾਹਿਤਕਾਰ ਵਜੋਂ ਉਭਾਰਨ ਵਿੱਚ ਸਹਾਈ ਹੋਇਆ। 1970 ਵਿੱਚ ਬੀ. ਏ. ਕਰਨ ਤੋਂ ਬਾਅਦ ਪ੍ਰਾਈਵੇਟ ਵਿਦਿਆਰਥੀ ਵਜੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਇਤਿਹਾਸ ਦੀ ਐਮ. ਏ. 1972 ਵਿਚ ਪਾਸ ਕਰ ਲਈ ਸੀ। 1965 ਵਿੱਚ ਮਾਤਾ ਗੁਰਦੇਵ ਕੌਰ ਦੋਹਾਂ ਪੁੱਤਰੀਆਂ ਨਾਲ ਸ੍ਰੀ ਭੈਣੀ ਸਾਹਿਬ ਦਰਸ਼ਨ ਕਰਨ ਆਏ। ਆਪਣੀ ਵੱਡੀ ਲੜਕੀ ਬਲਜੀਤ ਕੌਰ ਬਾਰੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਯੋਗ ਵਰ ਦੇ ਲੜ ਲਾ ਦਿਓ, ਪਾਸ ਹੀ ਰੋਪੜ ਵਾਲੇ ਸਤਿਗੁਰੂ ਜੀ ਦੇ ਅਨਿੰਨ ਸਿੱਖ ਸੰਤ ਕੇਹਰ ਸਿੰਘ ਜੀ ਖਲੋਤੇ ਸਨ, ਸਤਿਗੁਰੂ ਜੀ ਨੇ ਸਹਿਜ ਭਾਅ ਬਚਨ ਕੀਤਾ- ਸੰਤ ਕੇਹਰ ਸਿੰਘ ਜੀ ਇਹ ਲੜਕੀਆਂ ਆਪਣੇ ਘਰ ਲੈ ਜਾਣੀਆਂ ਹਨ। ਸੰਤਾਂ ਨੇ ਤੁਰੰਤ 'ਸਤਿ ਬਚਨ ਜੀ' ਕਹਿ ਕੇ ਸਿਰ ਨਿਵਾ ਦਿੱਤਾ। ਅਗਲੇ ਵਰ੍ਹੇ 1966 ਵਿੱਚ ਸੰਤ ਭਗਵੰਤ ਸਿੰਘ ਹੋਰਾਂ ਦੇ ਵੱਡੇ ਭਾਈ ਬਖਸ਼ੀਸ਼ ਸਿੰਘ ਨਾਲ ਖਰਲ ਜੀ ਦੀ ਵੱਡੀ ਭੈਣ, ਬੀਬੀ ਬਲਜੀਤ ਕੌਰ ਦਾ ਆਨੰਦ ਹੋ ਗਿਆ। ਅਗਸਤ 1972 ਵਿੱਚ ਜਦੋਂ ਸੁਰਿੰਦਰ ਕੌਰ ਦਾ ਭਗਵੰਤ ਸਿੰਘ ਹੋਰਾਂ ਨਾਲ, ਸ੍ਰੀ ਭੈਣੀ ਸਾਹਿਬ ਆਨੰਦ ਕਾਰਜ ਹੋਇਆ ਤਾਂ ਉਨ੍ਹਾਂ ਨੂੰ ਸਮਝ ਆਈ ਕਿ ਉਨ੍ਹਾਂ ਦੇ ਏਸ ਘਰ ਜਾਣ ਦਾ ਮੁੱਢ ਤਾਂ ਸ੍ਰੀ ਸਤਿਗੁਰੂ ਜੀ ਦੇ ਉਪਰੋਕਤ ਬਚਨ ਨਾਲ ਹੀ ਬੱਝ ਗਿਆ ਸੀ।

ਅਗਲੇ ਕੁਝ ਸਾਲ ਨਵੇਂ ਜੀਵਨ ਦੇ ਚਾਅਵਾਂ ਮਲਾਹਰਾਂ ਵਿੱਚ ਲੰਘ ਗਏ। ਸੰਤ ਕਿਹਰ ਸਿੰਘ ਹੋਰਾਂ ਦੀ ਰੋਪੜ ਵਿੱਚ ਵਰਕਸ਼ਾਪ ਸੀ। ਜਿੱਥੇ ਉਹ ਪਰਿਵਾਰ ਦੇ ਪੁਰਖਾਂ ਸਮੇਤ ਕਾਰ ਵਿਹਾਰ ਕਰਦੇ, ਕਰਾਉਂਦੇ ਸਨ। ਉਹਨਾਂ ਦਾ ਪਿੰਡ ਚਮਕੌਰ ਸਾਹਿਬ ਦੇ ਲਾਗੇ, ਰੋਪੜ ਤੋਂ 13-14 ਕਿਲੋਮੀਟਰ 'ਤੇ ਮੁੰਡੀਆਂ ਪਾਸ ਡਹਿਰ ਸੀ। ਕਿਹਰ ਸਿੰਘ ਹੋਰਾਂ ਦਾ ਦਾਦਾ ਸੰਤ ਗੁਰਬਖਸ਼ ਸਿੰਘ, ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਇਆ ਨਾਮਧਾਰੀ ਸਿੰਘ ਸੀ। ਉਹ ਬੜਾ ਸਚੁੱਜਾ ਮਿਸਤਰੀ ਵੀ ਸੀ। ਸੰਨ 1881 ਈ. ਵਿੱਚ ਜਦੋਂ ਰੋਪੜ ਤੋਂ ਚਮਕੌਰ ਸਾਹਿਬ ਦੇ ਵਿਚਾਲੇ ਵਹਿੰਦੀਆਂ, ਦੋ ਬਰਸਾਤੀ ਨਦੀਆਂ ਤੇ ਪੁਲ ਬਣਾਏ ਗਏ, ਉਹਨਾਂ ਤੇ ਐਂਗਲ ਲਾਉਣ ਦਾ ਕੰਮ, ਡੇਢ ਆਨਾ ਰੋਜ਼ਾਨਾ ਮਜ਼ਦੂਰੀ ਲੈ ਕੇ, ਸੰਤ ਗੁਰਬਖਸ਼ ਸਿੰਘ ਹੋਰਾਂ ਜਿਸ ਕਮਾਲ ਨਾਲ ਕੀਤਾ ਸੀ, 140 ਸਾਲ ਬੀਤ ਜਾਣ ਬਾਅਦ ਉਹ ਰਿਵਟਿੰਗ ਅੱਜ ਵੀ ਨਹੀਂ ਉੱਖੜੀ। ਸੋ ਸੰਤ ਕਿਹਰ ਸਿੰਘ ਹੋਰਾਂ ਨੂੰ ਨੇਕ ਕਦਰਾਂ-ਕੀਮਤਾ ਅਤੇ ਸੇਵਾ ਭਾਵ ਪੁਰਖਿਆਂ ਤੋਂ ਮਿਲਿਆ ਜਿਸਨੂੰ ਉਹਨਾਂ ਜੀਵਨ ਪ੍ਰਯੰਤ ਨਿਬਾਹਿਆ। ਅਜਿਹੇ ਦ੍ਰਿੜ ਵਿਸ਼ਵਾਸ਼ੀ ਨਾਮਧਾਰੀ ਪਰਿਵਾਰ ਵਿੱਚ ਆ ਕੇ ਖਰਲ ਦਾ ਆਪਣੇ ਸਤਿਗੁਰੂ ਜੀ ਅਤੇ ਉਹਨਾਂ ਦੀ ਸਿੱਖੀ ਨਾਲ ਪ੍ਰੇਮ, ਦੂਣ ਸਵਾਇਆ ਹੋ ਗਿਆ। ਉਹ ਆਪਣੇ ਸਤਿਗੁਰੂ ਜੀ ਨੂੰ ਆਪਣੀਆਂ ਕਲਮੀ ਸੇਵਾਵਾਂ ਅਰਪਿਤ ਕਰਨ ਲਈ ਯੋਜਨਾਵਾਂ ਬਣਾਉਂਦੀ ਪਰ ਅਜੇ ਗੱਲ ਬਣ ਨਹੀਂ ਰਹੀ ਸੀ। ਕਿਉਂਕਿ ਬਰਨਾਲੇ ਵਾਲਾ ਸਾਹਿਤਕ ਮਾਹੌਲ ਰੋਪੜ ਵਿੱਚ ਨਾਂ ਮਿਲਿਆ। ਸਬੱਬ ਬਣਿਆ ਕਿ ਉੱਘੇ ਸ਼ਾਇਰ ਪ੍ਰੋ. ਰਵਿੰਦਰ ਭੱਠਲ ਰੋਪੜ ਦੀ ਲਿਖਾਰੀ ਸਭਾ ਦੇ ਸੱਦੇ ਤੇ ਇੱਥੇ ਆਏ। ਉਹਨਾਂ ਲਿਖਾਰੀ ਸਭਾ ਦੇ ਪ੍ਰੋ. ਮਿਹਰ ਸਿੰਘ ਹੋਰਾਂ ਨੂੰ ਕਿਹਾ ਕਿ ਸਾਡੇ ਸ਼ਹਿਰ ਦੀ ਇਕ ਲੇਖਿਕਾ ਬੀਬੀ, ਤੁਹਾਡੇ ਸ਼ਹਿਰ ਵਿੱਚ ਹੈ। ਉਹਨਾਂ ਦੋਹਾਂ ਦੇ ਉੱਦਮ ਨਾਲ ਬੀਬੀ 1979 ਵਿੱਚ ਲਿਖਾਰੀ ਸਭਾ, ਰੂਪਨਗਰ ਦੀ ਮੈਂਬਰ ਬਣ ਗਈ। ਇਸ ਤਰ੍ਹਾਂ ਉਹਨਾਂ ਦੇ ਰੁਕੇ ਹੋਏ ਸਾਹਿਤਕ ਕਾਰਜ ਸ਼ੁਰੂ ਹੋ ਗਏ। ਲਿਖਣਾ, ਸਭਾ ਦੀ ਮੀਟਿੰਗ

ਵਿੱਚ ਸੁਨਾਉਣਾ ਅਤੇ ਦੂਜੇ ਸਾਥੀਆਂ ਤੋਂ ਵਾਜਿਬ ਸੇਧ ਲੈਣੀ।

ਸੰਨ 1987 ਵਿੱਚ ਉਹਨਾਂ ਦਾ ਪਹਿਲਾ ਕਹਾਣੀ ਸੰਗ੍ਰਹਿ ਤ੍ਰਿਸ਼ਨਾ, ਪ੍ਰਕਾਸ਼ਿਤ ਹੋਇਆ ਜਿਸ ਵਿੱਚ ਨਾਰੀ ਮਨ ਦੀਆਂ ਅੰਤਰ ਪਰਤਾਂ ਨੂੰ ਕੁਰੇਦਦਿਆਂ, ਸਦਾਚਾਰਕ ਜੀਵਨ ਸ਼ੈਲੀ ਨੂੰ ਉਜਾਗਰ ਕੀਤਾ ਸੀ। ਇਸ ਤੋਂ ਬਾਅਦ ਉਹਨਾਂ ਦੀ ਕਲਮ ਦਾ ਸਫ਼ਰ ਰਵਾਨੀ ਪਕੜ ਲੈਂਦਾ ਹੈ। ਕਹਿ ਸੱਕਦੇ ਹਾਂ ਕਿ ਹੁਣ ਤੱਕ ਉਹ ਦੋ ਦਰਜਨ ਪੁਸਤਕਾਂ ਦੀ ਰਚਨਾ ਕਰ ਚੁੱਕੇ ਸਨ ਜਿਹਨਾਂ ਵਿਚੋਂ 5-6 ਛਾਪੇ ਨੂੰ ਉਡੀਕਦੀਆਂ ਹਨ। ਉਹਨਾਂ ਨੇ ਰੂਹ ਪੰਜਾਬ ਦੀ (ਜੀਵਨੀ ਮਹਾਰਾਣੀ ਜਿੰਦ ਕੌਰ) 1990, ਵੱਡ ਪ੍ਰਤਾਪੀ ਸਤਿਗੁਰੂ (ਜੀਵਨੀ ਸਤਿਗੁਰੂ ਪ੍ਰਤਾਪ ਸਿੰਘ ਜੀ), 1991, ਮਹਾਂਬਲੀ (ਜੀਵਨੀ ਮਹਾਰਾਜਾ ਰਣਜੀਤ ਸਿੰਘ) 1991 ਆਦਿ ਸਚਿੱਤਰ ਪੁਸਤਕਾਂ ਰਚਕੇ ਪੰਜਾਬੀ ਬਾਲ ਸਾਹਿਤ ਵਿੱਚ ਨਿੱਗਰ ਵਾਧਾ ਕੀਤਾ ਹੈ। 'ਬਖ਼ਸ਼ਿਸ਼' ਅਤੇ "ਤੂੰ ਹੀ ਤੂੰ" ਉਹਨਾਂ ਦੀ ਵਿਸਮਾਦੀ ਰੰਗ ਵਾਲੀ ਸ਼ਾਇਰੀ ਦੀਆਂ ਆਪਣੇ ਮੁਰਸ਼ਦ ਨੂੰ ਅਰਪਿਤ ਸੁੰਦਰ ਕਵਿਤਾਵਾਂ ਹਨ ਜਿਹਨਾਂ ਵਿੱਚ ਬਿਰਹਾ, ਤੜਪ, ਸੋਜ਼ ਅਤੇ ਰਵਾਨੀ ਹੈ। ਉਹਨਾਂ ਨੇ ਬਰਮਾ, ਅਫਰੀਕਾ ਅਤੇ ਪਾਕਿਸਤਾਨ ਆਦਿ ਦੇਸ਼ਾਂ ਬਾਰੇ ਸਫ਼ਰਨਾਮੇ ਲਿਖਕੇ, ਆਪਣੀਆਂ ਇਤਿਹਾਸ ਖੋਜ ਦੀਆਂ ਅਤੇ ਸਾਹਿਤਕ ਸਫ਼ਰਾਂ ਦੀਆਂ ਯਾਤਰਾਵਾਂ ਨੂੰ ਸਦਾ ਲਈ ਸੰਭਾਲ ਲਿਆ ਹੈ। ਸਤਿਗੁਰੂ ਰਾਮ ਸਿੰਘ ਜੀ ਦੀ ਬੰਸਾਵਲੀ ਅਤੇ ਅੰਮ੍ਰਿਤਸਰ, ਰਾਇਕੋਟ ਸਾਕਿਆਂ ਦੇ ਨਾਮਧਾਰੀ ਸ਼ਹੀਦਾਂ ਅਤੇ ਆਪਣੇ ਸਹੁਰਾ ਪਰਿਵਾਰ ਦੀ ਬੰਸਾਵਲੀ ਬਾਰੇ ਪੁਸਤਕਾਂ ਲਿਖ ਕੇ ਉਹਨਾਂ "ਬੰਸਾਵਲੀ ਨਾਮਾ"- ਇਤਿਹਾਸ ਲੇਖਣ ਦੀ ਇਕ ਨਵੀਂ ਵਿਧਾ ਨੂੰ ਪੰਜਾਬੀ ਸਾਹਿਤਕ ਜਗਤ ਵਿੱਚ ਪ੍ਰਵੇਸ਼ ਦੁਆਇਆ ਹੈ। ਮਲੇਰਕੋਟਲਾ ਅਤੇ ਹੋਰ ਨਾਮਧਾਰੀ ਸਾਕਿਆਂ ਦੇ ਵੱਖ-ਵੱਖ ਪਿੰਡਾਂ, ਸ਼ਹਿਰਾਂ ਵਿੱਚ ਵੱਸਦੇ ਸੈਂਕੜੇ ਸ਼ਹੀਦ ਪਰਿਵਾਰਾਂ ਨੂੰ ਖੋਜ ਭਾਲ ਕੇ ਲੱਭਿਆ, ਉਹਨਾਂ ਬਾਰੇ ਲਿਖਿਆ ਅਤੇ ਫਿਰ ਉਹਨਾਂ ਨੂੰ ਸ਼ਹੀਦੀ ਸਮਾਗਮਾਂ ਸਮੇਂ ਜਾਂ ਸ੍ਰੀ ਭੈਣੀ ਸਾਹਿਬ, ਸਤਿਗੁਰੂ ਜੀ ਦੇ ਹਜ਼ੂਰ ਲਿਆ ਕੇ, ਉਹਨਾਂ ਦਾ ਬਣਦਾ ਮਾਨ ਸਨਮਾਨ ਕਰਵਾਇਆ। ਇਉਂ ਬਹੁਤ ਸਾਰੇ ਪਰਿਵਾਰਾਂ ਵਿੱਚ ਆਪਣੇ ਮੂਲ ਨਾਲ ਮੁੜ ਜੁੜਣ ਦੀ ਭਾਵਨਾ ਵਿਕਸਿਤ ਕੀਤੀ।

ਸੂਬਾ ਜੀ ਦੀ ਸਾਰੀ ਹੀ ਰਚਨਾ ਨਾਮਧਾਰੀ ਪੰਜਾਬੀ ਸਾਹਿਤ ਅਤੇ ਇਤਿਹਾਸ ਵਿੱਚ ਨਿੱਗਰ ਵਾਧਾ ਕਰਨ ਵਾਲੀ ਹੈ। ਵਿਸ਼ੇਸ਼ ਕਰਕੇ ਪਟਿਆਲਾ ਸਰਕਾਰ ਦੀਆਂ ਫਾਇਲਾਂ ਵਿੱਚ "ਲੁਕਿਆ ਸੱਚ" ਵੱਡ ਆਕਾਰੀ ਇਤਿਹਾਸਕ ਦਸਤਾਵੇਜ਼ਾਂ ਦਾ ਸੰਗ੍ਰਹਿ, ਇਸ ਨੂੰ ਤਿਆਰ ਕਰਨ ਤੋਂ ਛਪਵਾਉਣ ਤੱਕ ਉਹਨਾਂ ਨੇ ਕਈ ਵਰ੍ਹੇ ਹੰਗਾਲ ਸੁੱਟੇ ਅਤੇ ਸੈਂਕੜੇ ਕੋਹਾਂ ਦਾ ਪੈਂਡਾ ਨਾਪਿਆ। ਇਹ ਨਾਮਧਾਰੀ ਇਤਿਹਾਸ ਵਿਸ਼ੇਸ਼ ਕਰਕੇ ਸਾਕਾ ਮਲੇਰਕੋਟਲਾ, ਸਤਿਗੁਰੂ ਜੀ ਅਤੇ ਸੂਬਿਆਂ ਦੀ ਜਲਾਵਤਨੀ ਅਤੇ ਰਿਆਸਤੀ ਕੂਕਿਆਂ ਤੇ ਝੱਲੇ ਸਖ਼ਤੀਆਂ ਦੇ ਤੁਫਾਨਾਂ ਤੇ ਕਈ ਕੋਣਾਂ ਤੋਂ ਨਵੀਂ ਰੋਸ਼ਨੀ ਪਾਉਣ ਵਾਲਾ ਹੈ। ਉਹਨਾਂ ਦੀ ਤਿੰਨ ਭਾਗਾਂ ਵਿੱਚ ਛੱਪਣ ਵਾਲੀ ਵੱਡ ਆਕਾਰੀ ਰਚਨਾ, ਪ੍ਰਕਾਸ਼ ਪੁੰਜ, ਜੋ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਚਪਨ ਤੋਂ ਬਿਰਧ ਅਵਸਥਾ ਤੱਕ ਜੀਵਨ ਲੀਲ੍ਹਾ ਅਤੇ ਉਹਨਾਂ ਦੀ ਨਾਮਧਾਰੀ ਪੰਥ, ਪੰਜਾਬੀ ਸਮਾਜ, ਭਾਰਤੀ ਭਾਈਚਾਰੇ ਅਤੇ ਵੱਖ-ਵੱਖ ਮਹਾਂਦੀਪਾਂ ਦੇ ਬਸ਼ਿੰਦਿਆਂ ਤੇ ਕੀਤੇ ਵੱਡੇ ਉਪਕਾਰਾਂ ਤੇ ਰੋਸ਼ਨੀ ਪਾਉਣ ਵਾਲੀ ਹੈ। ਇਸ ਪੁਸਤਕ ਦੀ ਰਚਨਾ ਨਾਲ ਸੂਬਾ ਜੀ ਦਾ ਸਥਾਨ, ਸੰਤ ਸੰਤੋਖ ਸਿੰਘ ਬਾਹੋਵਾਲ, ਗਿਆਨੀ ਕਾਲਾ ਸਿੰਘ ਜੀ ਨੰਗਲ, ਬਿਸ਼ਨ ਸਿੰਘ ਹਿਸਟੋਰੀਅਨ, ਸੰਤ ਤਰਨ ਸਿੰਘ ਵਹਿਮੀ, ਸੰਤ ਨਿਧਾਨ ਸਿੰਘ ਆਲਿਮ, ਇੰਦਰ ਸਿੰਘ ਚੱਕਰਵਰਤੀ, ਮਾਸਟਰ ਨਿਹਾਲ ਸਿੰਘ, ਮੰਗਲ ਸਿੰਘ ਲਾਇਲਪੁਰੀ, ਪ੍ਰੀਤਮ ਸਿੰਘ ਕਵੀ, ਬੀਬੀ ਬੇਅੰਤ ਕੌਰ ਅਤੇ ਤਾਰਾ ਸਿੰਘ ਅਨਜਾਣ ਆਦਿ ਦੇ ਨਾਲ ਸੁਨਿਸ਼ਚਿਤ ਹੋ ਜਾਂਦਾ ਹੈ। ਉਹ ਸੂਫੀਆਨਾ ਰੰਗ ਦੀ ਕਵਿਤਾ ਦੇ ਵਧੀਆ ਕਵੀ, ਸਫ਼ਲ ਨਿਬੰਧਕਾਰ, ਸੁਯੋਗ ਜੀਵਨੀ ਲੇਖਿਕਾ ਕਹਾਣੀਕਾਰ ਤੇ ਸਫ਼ਰਨਾਮਾ ਲੇਖਕ ਸਨ। ਇਤਿਹਾਸ ਦੇ ਮੌਖਿਕ ਸਰੋਤਾਂ ਨੂੰ ਸੰਗ੍ਰਹਿ ਕਰਨ ਲਈ ਉਹਨਾਂ ਨੇ ਲੰਬੀਆਂ ਯਾਤਰਾਵਾਂ ਕੀਤੀਆਂ। ਸੰਨ 1992 ਤੋਂ ਉਹ ਪੰਜਾਬ ਸਰਕਾਰ ਦੁਆਰਾ ਸਥਾਪਿਤ ਕੂਕਾ ਸ਼ਹੀਦ ਯਾਦਗਾਰ ਟਰੱਸਟ ਦੇ ਮੈਂਬਰ ਸਨ। ਕੂਕਾ ਸ਼ਹੀਦਾਂ, ਸੂਬਿਆਂ ਦੇ ਪਿੰਡਾਂ ਵਿੱਚ ਉਹਨਾਂ ਦੀਆਂ ਯਾਦਗਾਰਾਂ ਬਨਵਾਉਣ ਤੇ ਯਾਦਗਾਰੀ ਸਮਾਗਮ ਕਰਵਾਉਣ ਵਿੱਚ ਵਿਸ਼ੇਸ਼ ਦਿਲਚਸਪੀ ਲੈਂਦੇ ਸਨ। ਸੂਬਾ ਜੀ ਦੀ ਸਕੀ ਭੂਆ ਸ਼ਹੀਦ ਬਿਸ਼ਨ ਸਿੰਘ ਦੇ ਪਰਿਵਾਰ ਵਿੱਚ ਪਿੰਡ ਰੜ ਵਿਖੇ, ਸੰਤ ਲਾਲ ਸਿੰਘ ਹੋਰਾਂ ਦੇ ਪਰਿਵਾਰ ਵਿੱਚ ਵਿਆਹੀ ਸੀ। ਸੈਦੋਕੀ ਦੇ ਵਰਤਮਾਨ ਸੂਬਾ ਸਵਿੰਦਰ ਸਿੰਘ ਜੀ ਦੇ ਪਿਤਾ ਸੰਤ ਬਦਨ ਸਿੰਘ ਦੀ ਮਾਤਾ, ਗੁਰਚਰਨ ਸਿੰਘ ਖਰਲ ਦੀ ਸਕੀ ਮਾਸੀ ਸੀ। ਮਾਂ ਮਰਨ ਬਾਅਦ ਗੁਰਚਰਨ ਸਿੰਘ ਸੈਦੋ ਵਿਖੇ ਉਹਨੇ ਹੀ ਪਾਲਿਆ ਸੀ। ਇਸੇ ਲਈ ਸੰਤ ਬਦਨ ਸਿੰਘ ਦੇ ਪਰਿਵਾਰ ਵਾਲੇ ਹੁਣ ਤੱਕ, ਸੂਬਾ ਖਰਲ ਨਾਲ ਧੀਆਂ ਧਿਆਣੀਆਂ ਵਾਲਾ ਵਿਹਾਰ ਕਰਦੇ ਆ ਰਹੇ ਹਨ। ਇਸੇ ਲਈ ਉਹ ਸੈਦੋ ਵਾਲਿਆਂ ਨੂੰ ਵੀ ਆਪਣੇ ਪੇਕੇ ਆਖ ਕੇ ਮਾਣ ਮਹਿਸੂਸ ਕਰਿਆ ਕਰਦੇ ਸਨ।

ਭੈਣੀ ਸਾਹਿਬ ਰਾਈਆਂ ਡੀਵੈਲਪਮੈਂਟ ਬੋਰਡ ਦੇ ਵੀ ਮੈਂਬਰ ਸਨ। ਸੰਨ 1991-95 ਦੇ ਕਾਰਜ਼ਕਾਲ ਵਿੱਚ ਨਾਮਧਾਰੀ ਇਸਤਰੀ ਵਿਦਿਅਕ ਜਥੇ ਦੇ ਪ੍ਰਧਾਨ ਰਹੇ। ਬਹੁਤ ਸਾਰੇ

ਵਿਦਿਅਕ ਸੰਮੇਲਨਾਂ ਵਿੱਚ ਪ੍ਰਯੋਗਤਾਵਾਂ ਦਾ ਮੁਲਾਂਕਣ ਕਰਿਆ ਕਰਦੇ ਸਨ। 15 ਅਪ੍ਰੈਲ 1994 ਨੂੰ ਸ੍ਰੀ ਅੰਮ੍ਰਿਤਸਰ ਦੇ ਵੈਸਾਖੀ ਮੇਲੇ ਸਮੇਂ, ਸ੍ਰੀ ਸਤਿਗੁਰੂ ਜੀ ਦੁਆਰਾ ਬੀਬੀ ਮਹਿੰਦਰ ਕੌਰ ਹੁਸ਼ਿਆਰਪੁਰ ਅਤੇ ਆਪ ਨੂੰ ਸੂਬਾ ਥਾਪਿਆ ਗਿਆ। ਨਾਮਧਾਰੀ ਪੰਥ ਵਿੱਚ ਪਹਿਲੀ ਇਸਤਰੀ ਸੂਬਾ ਬੀਬੀ ਹੁਕਮ ਕੌਰ ਵਰਿਆਂਹ ਵਾਲੀ ਤੋਂ ਬਾਅਦ, ਇਕ ਸਦੀ ਤੋਂ ਵੱਧ ਸਮੇਂ ਬਾਅਦ ਬੀਬੀਆਂ ਨੂੰ ਇਹ ਸੁਭਾਗ ਮੁੜ ਮਿਲਿਆ ਸੀ। ਇਸ ਤੋਂ ਬਾਅਦ ਹੀ ਬੀਬੀ ਮਹਿੰਦਰ ਕੌਰ ਗਿਆਨਣ (ਥਾਈਲੈਂਡ) ਵਾਲੇ ਸੂਬਾ ਬਣਾਏ ਗਏ ਸਨ। ਸਤਿਗੁਰੂ ਜੀ ਦੁਆਰਾ ਬਖ਼ਸ਼ੀਆਂ ਸਾਰੀਆਂ ਸੇਵਾਵਾਂ ਬਖ਼ੂਬੀ ਨਿਬਾਹੀਆਂ ਅਤੇ ਹਰ ਪੰਥਕ ਅਤੇ ਸਾਹਿਤਕ ਪ੍ਰੋਗਰਾਮਾਂ ਵਿੱਚ ਵਧ ਚੜ੍ਹ ਕੇ ਸ਼ਿਰਕਤ ਕਰਦੇ ਰਹੇ। ਉਹ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿਸਟਰਡ) ਦੇ ਮੀਤ ਪ੍ਰਧਾਨ ਅਤੇ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਜੀਵਨ ਮੈਂਬਰ ਸਨ। ਸ੍ਰੀ ਸਤਿਗੁਰੂ ਜੀ ਦੁਆਰਾ ਅਤੇ ਹੋਰ ਬਹੁਤ ਸਾਰੇ ਸਾਹਿਤਕ ਸਮਾਜਿਕ ਸੰਗਠਨਾਂ ਦੁਆਰਾ, ਉਹਨਾਂ ਨੂੰ ਅਨੇਕ ਮਾਨ ਸਨਮਾਨਾਂ ਨਾਲ ਨਿਵਾਜਿਆ ਗਿਆ ਸੀ। ਅਸੀਂ ਉਹਨਾਂ ਦੇ ਸਮਕਾਲੀ ਪਰ ਕਿਰਦਾਰ ਵਿੱਚ ਉਹਨਾਂ ਤੋਂ ਛੋਟੇ ਲੋਕ, ਉਹਨਾਂ ਨੂੰ ਕਈ ਵੇਰ ਹਾਸੇ ਠੱਠੇ ਦੇ ਰਉਂ ਵਿੱਚ, ਬਹੁਤ ਕੁਝ ਅਣਸੁਖਾਵਾਂ ਵੀ ਆਖ ਜਾਂਦੇ ਪਰ ਮਜਾਲ ਹੈ ਕਿ ਉਹ ਆਪਣਾ ਸਹਿਜ ਗੁਆਉਣ ਜਾਂ ਮੱਥੇ ਤੇ ਕੋਈ ਵੱਟ ਪੈਣ ਦੇਣ। ਉਹ ਹਰ ਆਲੋਚਨਾ ਦਾ ਖਿੜੇ ਮੱਥੇ ਇਕ ਮਿੰਨ੍ਹੀ ਮੁਸਕਰਾਹਟ ਨਾਲ ਜੁਆਬ ਦੇ ਦਿੰਦੇ ਸਨ। ਦਰਅਸਲ ਵਿਅਕਤੀ ਜਦੋਂ ਸਾਡੇ ਕੋਲ ਹੁੰਦਾ ਹੈ, ਅਸੀਂ ਉਹਦੇ ਗੁਣਾਂ ਅਤੇ ਕਰਤਾਰੀ ਸ਼ਕਤੀਆਂ ਤੋਂ ਅਨਜਾਣ ਰਹਿੰਦੇ ਹਾਂ। ਜਦੋਂ ਖੱਪਾ ਪੈ ਜਾਂਦਾ ਹੈ ਤਾਂ ਫਿਰ ਸੋਚਦੇ ਹਾਂ ਕਿ ਇਸਨੂੰ ਹੁਣ ਕੌਣ ਪੂਰਾ ਕਰੇਗਾ? ਉਹਨਾਂ ਜਿਹਾ ਹਿੰਮਤੀ ਤੇ ਉੱਦਮੀ, ਲੱਕ ਬੰਨ੍ਹ ਕੇ ਅੱਠੇ ਪਹਿਰ, ਇੱਕ ਸਫ਼ਰ ਤੇ ਤੁਰਿਆ ਰਹਿਣ ਵਾਲਾ ! ਜਦੋਂ ਉਹਨਾਂ ਦੇ ਕੀਤੇ ਕਾਰਜਾਂ ਦੀ ਫਹਿਰਿਸਤ ਤੇ ਹੀ ਨਜ਼ਰ ਘੁਮਾਈਏ, ਸਿਰ ਚਕਰਾ ਜਾਂਦਾ ਹੈ। ਸੂਬਾ ਜੀ ਦੀ ਸ਼ਖ਼ਸੀਅਤ ਤੇ ਸ਼ਾਇਰ ਦਾ ਇਹ ਕਥਨ ਹੂਬਹੂ ਢੁਕਦਾ ਹੈ-

"ਮਾਪਣਾ ਮੇਰੀ ਬੁਲੰਦੀ ਨੂੰ ਤਾਂ ਤੱਕੋ,
ਮੇਰਾ ਪਰਛਾਂਵਾਂ ਪਵੇ ਕਿੱਥੇ ਕੁ ਜਾ ਕੇ।"

ਦੋ ਕੁ ਹਫਤੇ ਪਹਿਲਾਂ ਉਹਨਾਂ ਦਾ ਫ਼ੋਨ ਆਇਆ ਕਿ ਬੁਖਾਰ ਨਹੀਂ ਟੁੱਟ ਰਿਹਾ। ਮੈਨੂੰ ਹਰਪਾਲ ਸਿੰਘ ਸੇਵਕ ਜੀ ਤੋਂ ਪਤਾ ਲੱਗਾ ਸੀ ਕਿ ਉਹ ਠੀਕ ਨਹੀਂ ਹਨ, ਫਿਰ ਮੈਂ ਫ਼ੋਨ ਕੀਤਾ ਤਾਂ ਉਹਨਾਂ ਦਾ ਜੁਆਬ ਆਇਆ ਸੀ। ਮੈਂ ਰਾਇ ਦਿੱਤੀ ਕਿ 'ਤੁਸੀਂ ਭੈਣੀ ਸਾਹਿਬ ਆ ਜਾਉ।' ਜਸਵਿੰਦਰ ਸਿੰਘ ਜੀ ਵੀ ਇੱਥੇ ਸਨ। ਪਿਛਲੇ ਦਿਨੀਂ ਉਹ ਵੀ ਦਿੱਲੀ ਬਹੁਤ ਬਿਮਾਰ ਰਹੇ ਸਨ। ਕੁਝ ਦਿਨ ਲੁਧਿਆਣੇ ਆਪਣੇ ਹਸਪਤਾਲ ਵਿੱਚ ਰਹਿਕੇ ਠੀਕ ਹੋ ਗਏ ਹਨ। ਸੇਵਕ ਜੀ ਉਹਨਾਂ ਨੂੰ ਆਉਣ ਲਈ ਕਹਿ ਰਹੇ ਸਨ ਪਰ ਕੁਝ ਸਮਾਂ ਜਿਹੜਾ ਬੜਾ ਕੀਮਤੀ ਸੀ ਓਹੜ ਪੋਹੜਾਂ ਵਿੱਚ ਲੰਘ ਗਿਆ। ਗੱਲ ਵਿਗੜਦੀ ਜਾਪੀ ਤਾਂ ਭਗਵੰਤ ਸਿੰਘ ਨੇ ਕਰਤਾਰ ਸਿੰਘ ਹਜ਼ੂਰੀ ਸੇਵਕ ਹੋਰਾਂ ਨਾਲ ਸੰਪਰਕ ਕੀਤਾ। ਉਹਨਾਂ ਫੌਰੀ ਪੁੱਜਣ ਲਈ ਕਿਹਾ। ਇਹਨਾਂ ਨੂੰ ਕਰੋਨਾ 11 ਮਈ ਨੂੰ ਦੱਸਿਆ ਗਿਆ ਸੀ। ਇਹ 21 ਮਈ ਨੂੰ ਲੁਧਿਆਣੇ ਦਾਖਲ ਹੋਏ। ਡਾਕਟਰਾਂ ਨੇ ਜਾਂਦਿਆ ਹੀ ਕਿਹਾ ਕਿ ਦੋ ਦਿਨ ਪਹਿਲਾਂ ਆ ਜਾਂਦੇ ਤਾਂ ਠੀਕ ਸੀ। 30 ਮਈ ਸ਼ਾਮ ਦੇ ਪੰਜ ਕੁ ਵਜੇ ਮੈਂ ਫ਼ੋਨ ਕੀਤਾ। ਜੁਆਬ ਨਹੀਂ ਆਇਆ। ਉਸ ਦਿਨ ਸ਼ਾਮੀਂ ਛੇ ਵਜੇ ਐਤਵਾਰ ਨੂੰ ਪੂਰੇ ਹੋ ਗਏ। ਪਰਿਵਾਰ ਰੋਪੜ ਤੋਂ ਆ ਗਿਆ। ਅਗਲੇ ਦਿਨ ਸਵੇਰੇ ਦਸ ਕੁ ਵਜੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਿਆਰੀ ਸੇਵਿਕਾ ਦਾ ਸ੍ਰੀ ਭੈਣੀ ਸਾਹਿਬ ਅੰਤਿਮ ਸੰਸਕਾਰ ਹੋ ਗਿਆ। 1 ਜੂਨ ਨੂੰ ਅਸਤ ਸਿਰਹੰਦ ਨਹਿਰ ਵਿੱਚ ਜਲ ਪ੍ਰਵਾਹ ਕਰ ਦਿੱਤੇ। ਵੀਰਵਾਰ 3 ਜੂਨ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪਰਿਵਾਰ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਉਹਨਾਂ ਦੇ ਨਮਿੱਤ ਪਾਠ ਦਾ ਭੋਗ ਪਾਇਆ। ਹੁਕਮ ਅਨੁਸਾਰ ਕਰੋਨਾ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਸਮਾਗਮ ਅਤਿ ਸੰਖੇਪ ਹੋਇਆ। ਸੇਵਕ ਹਰਪਾਲ ਸਿੰਘ ਜੀ ਨੇ ਸਰਧਾਂਜਲੀ ਭੇਟ ਕੀਤੀ। ਇਉਂ ਇਕ ਸੰਭਾਵਨਾਵਾਂ ਭਰਪੂਰ ਤੇ ਬੜਾ ਊਰਜਵਾਨ ਜੀਵਨ ਅਨੇਕ ਹੋਰ ਲੇਖਕਾਂ, ਕਲਮਕਾਰਾਂ ਅਤੇ ਗੁਰੂ ਪਿਆਰਿਆਂ ਵਾਂਗੂ, ਕਰੋਨਾ ਦੀ ਹਾਬੜੀ ਭੁੱਖ ਦਾ ਸ਼ਿਕਾਰ ਹੋ ਗਿਆ।

ਬੀਬੀ ਖਰਲ ਜੀ ਦਾ ਵਿਛੋੜਾ, ਨਾਮਧਾਰੀ ਜਗਤ ਅਤੇ ਪੰਜਾਬੀ ਦੇ ਸਾਹਿਤਕ ਹਲਕਿਆਂ ਵਿੱਚ ਸੋਗ ਦੀ ਇਕ ਡੂੰਘੀ ਕਾਲੀ ਲਕੀਰ ਵਾਹ ਗਿਆ ਹੈ। ਉਹਨਾਂ ਦੇ ਮੁਹਾਲੀ ਵੱਸਦੇ ਭਾਈ ਪਰਮਿੰਦਰ ਸਿੰਘ ਸਮੇਤ, ਭਰਾ, ਭੈਣ, ਪਤੀ ਭਗਵੰਤ ਸਿੰਘ, ਪੁੱਤਰ ਯਾਦਵਿੰਦਰ ਸਿੰਘ, ਪੁੱਤਰੀ ਰੂਪਿੰਦਰ ਕੌਰ, ਪੋਤਰੇ ਯਸ਼ਵੰਤ ਸਿੰਘ, ਯਮਨਾ ਸਿੰਘ ਸਭ ਸੋਗਵਾਰ ਸਨ। ਬੀਬੀ ਦੇ ਜਾਣ ਤੋਂ 15-20 ਦਿਨ ਪਹਿਲਾਂ, ਉਹਨਾਂ ਦਾ ਜੇਠ ਵੀ ਤੇ ਜੀਜਾ ਵੀ ਸ੍ਰ. ਸਰਦੂਲ ਸਿੰਘ, ਇਸ ਨਾਮੁਰਾਦ ਬੀਮਾਰੀ ਦੀ ਭੇਟ ਚੜ੍ਹ ਗਿਆ ਸੀ। ਸੰਤ ਭਗਵੰਤ ਸਿੰਘ ਅਤੇ ਸੂਬਾ ਜੀ ਦਾ ਸੰਬੰਧ 'ਏਕ ਜੋਤਿ ਦੁਈ ਮੂਰਤੀ' ਵਾਲਾ ਸੀ। ਅਸੀਂ ਸੂਬਾ ਜੀ ਦੀ ਨਿੱਘੀ ਯਾਦ ਵਿੱਚ ਸਿਰ ਝੁਕਾਉਂਦੇ ਹਾਂ ਅਤੇ ਆਸ ਕਰਦੇ ਹਾਂ ਕਿ ਉਹਨਾਂ ਦੇ ਪਰਿਵਾਰ ਤੇ ਸਤਿਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਹਮੇਸ਼ਾਂ ਬਣੀ ਰਹੇਗੀ।

# 24 ਕਿਤਾਬਾਂ ਦੀ ਲੇਖਿਕਾ
# ਸੂਬਾ ਸੁਰਿੰਦਰ ਕੌਰ ਖਰਲ ਦਾ ਵਿਛੋੜਾ :
# ਕਰੋਨਾ ਮਹਾਂਮਾਰੀ ਦੀ ਕਰੋਪੀ



**ਡਾ. ਲਖਵੀਰ ਸਿੰਘ ਨਾਮਧਾਰੀ**

**98768-50680**

ਜਿੰਨੀ ਸੋਹਣੀ ਸੂਰਤ ਉਸਤੋਂ ਵੀ ਵਧੀਆ ਸੀਰਤ, ਹਸੂੰ-ਹਸੂੰ ਕਰਦਾ ਮੁੱਖੜਾ, ਸਭ ਨਾਲ ਇਕਮਿਕਤਾ, ਸਭ ਨਾਲ ਅਪਣਾਪਣ, ਜੀਵਨ ਵਿੱਚ ਸਰਲਤਾ, ਸਹਿਜਤਾ, ਸੰਜਮ ਸਲੀਕਾ, ਦੁੱਧ ਚਿੱਟਾ ਪਹਿਰਾਵਾ, ਸਿਰ ਤੇ ਚਿੱਟਾ ਦੁਪੱਟਾ, ਹੱਥ ਵਿੱਚ ਡਾਇਰੀ ਅਤੇ ਪੈੱਨ, ਨਾਲ ਪਤੀ ਦੇਵ ਭਗਵੰਤ ਸਿੰਘ ਦਾ ਸਾਥ ਸੂਬਾ ਸੁਰਿੰਦਰ ਕੌਰ ਖਰਲ ਦੀ ਪਹਿਚਾਣ ਸੀ। ਉਹ ਇਤਿਹਾਸ ਖੋਜ਼ ਦੀ ਅਤੇ ਲਿਖਦੀ ਹੀ ਨਹੀਂ ਸੀ ਸਗੋਂ ਉਸਦੇ ਤੁਰਨ ਨਾਲ ਇਸਤਰੀ ਜਾਤੀ ਲਈ ਨਵੇਂ ਇਤਿਹਾਸਿਕ ਦਿਸਹੱਦਿਆਂ ਦੀ ਸਿਰਜਣਾ ਹੋਈ। ਕਹਾਣੀ, ਕਵਿਤਾ, ਲੇਖ, ਜੀਵਨੀਆਂ, ਬੰਸਾਵਲੀਆਂ, ਬਾਲ ਸਾਹਿਤ, ਸਫਰਨਾਮੇ, ਖੋਜ ਪੱਤਰ ਅਤੇ ਵੱਡਮੁੱਲੇ ਇਤਿਹਾਸ ਦੀਆਂ 24 ਕਿਤਾਬਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਉਣ ਵਾਲੀ ਲੇਖਿਕਾ ਵਿੱਚ ਕੋਈ ਤਿਲ ਮਾਤਰ ਵੀ ਹਉਮੈਂ ਜਾਂ ਮਾਣ ਦਾ ਪ੍ਰਛਾਵਾਂ ਤੱਕ ਨਜ਼ਰ ਨਹੀਂ ਸੀ ਪੈਂਦਾ। ਤਖਤੋ ਤਾਜ ਦਾ ਮਾਲਕ ਹੋਵੇ ਜਾਂ ਵਜ਼ੀਰੇ ਆਜ਼ਮ ਪੰਜਾਬ, ਇਕ ਖਾਸ-ਮ-ਖਾਸ ਲਿਖਾਰੀ ਹੋਵੇ ਜਾਂ ਇਕ ਦੱਬਿਆ ਕੁਚਲਿਆ ਗਰੀਬ ਇਸ ਲੇਖਿਕਾ ਦਾ ਮਿਲਣਾ ਸਭ ਲਈ ਇਕੋ ਜਿਹਾ ਹੁੰਦਾ। ਲੋਕਾਂ ਦਾ ਦਰਦ ਵੰਡਾਉਂਦੀ, ਹਾਸੇ ਵੰਡਦੀ ਸੁਰਿੰਦਰ ਕੌਰ ਮਹਾਂਮਾਰੀ ਕਰੋਨਾ ਦੀ ਲਪੇਟ ਵਿੱਚ ਆ ਗਈ ਅਤੇ 30 ਮਈ ਨੂੰ ਸ਼ਾਮ 6 ਵੱਜਕੇ 10 ਮਿੰਟ ਤੇ ਵਰਤਮਾਨ ਤੋਂ ਅਤੀਤ ਹੋ ਗਈ।

ਸੁਰਿੰਦਰ ਕੌਰ ਦਾ ਜਨਮ ਪਿਤਾ ਸ. ਗੁਰਚਰਨ ਸਿੰਘ ਦੇ ਘਰ ਮੁੰਬਈ ਵਿਖੇ ਹੋਇਆ, ਜੋ ਏਅਰਫੋਰਸ ਵਿੱਚ ਪਾਇਲਟ ਸਨ । 19 ਜਨਵਰੀ 1952 ਈ. ਨੂੰ ਮਾਤਾ ਗੁਰਦੇਵ ਕੌਰ ਦੀ ਕੁੱਖ ਸੁਲੱਖਣੀ ਕਰਨ ਵਾਲੀ ਇਹ ਨਾਇਕਾ ਨੂੰ 14ਸਾਲ ਦੀ ਉਮਰ ਵਿੱਚ ਹੀ ਲਿਖਣ ਦੀ ਚੇਟਕ ਲੱਗ ਗਈ ਸੀ। ਖੋਜੀ ਰੁਚੀ ਹੋਣ ਕਰਕੇ ਹੀ ਇਤਿਹਾਸ ਦੀ ਮਾਸਟਰ ਡਿਗਰੀ ਕਰਦੇ ਕਰਦੇ ਇਕ ਉਘੀ ਇਤਿਹਾਸਕਾਰ, ਵਾਰਤਕ ਲੇਖਿਕਾ, ਕਹਾਣੀਕਾਰ, ਗਲਪਕਾਰ ਅਤੇ ਕਵਿਤਰੀ ਬਣ ਗਈ। "ਬਖ਼ਸ਼ਿਸ਼" ਅਤੇ "ਤੂੰ ਹੀ ਤੂੰ" ਕਾਵਿ ਪੁਸਤਕਾਂ ਵਿੱਚ ਸੁਰਿੰਦਰ ਕੌਰ ਦੇ ਸੁਭਾਅ, ਨਿਮਰਤਾ, ਮਧੁਰ ਸੰਗੀਤ ਵਰਗੀ ਤਰਲਤਾ, ਵਿਸ਼ਮਾਦੀ ਸਹਿਜਤਾ ਅਤੇ ਸਦਾਬਹਾਰ ਪ੍ਰਕਿਰਤੀ ਵਰਗੀ ਮੁਸਕਾਨ ਦਾ ਪ੍ਰਗਟਾਵਾ ਪ੍ਰਤੱਖ ਹੁੰਦਾ ਹੈ । ਇਹਨਾਂ ਪੁਸਤਕਾਂ ਵਿੱਚੋਂ ਸੁਰਿੰਦਰ ਕੌਰ ਦੇ ਅਧਿਆਤਮਕ ਰੂਪ ਵਿੱਚ ਵਸੇ "ਇਲਾਹੀ ਨੂਰ" ਪ੍ਰਤੀ ਇਸ਼ਕ ਹਕੀਕੀ ਦਾ ਪ੍ਰਗਟਾਵਾ ਇੰਞ ਝਲਕਦਾ ਹੈ:-

ਤੇਰੇ ਅਥਾਹ ਡੂੰਘੇ ਸਮੁੰਦਰ ਜਿਹੇ ਨੈਣਾਂ ਵਿੱਚ<br>
ਮੈਨੂੰ ਸਾਰਾ ਬ੍ਰਹਿਮੰਡ ਨਜ਼ਰ ਆਉਂਦਾ ਹੈ<br>
ਤੇਰੇ ਹੋਠਾਂ, 'ਚੋਂ ਨਿਕਲੇ ਸ਼ਬਦਾਂ ਦਾ ਹਰ ਫੁੱਲ<br>
ਜੀਅ ਕਰਦੈ ਆਪਣੀ ਝੋਲੀ 'ਚ ਸਮੇਟ ਲਵਾਂ<br>
ਤੇ ਸੁਗੰਧੀ ਬਿਖੇਰਨ ਲਈ ਕਾਂਗਜ਼ਾਂ ਉਤੇ ਸਜ਼ਾ ਦੇਵਾਂ

"ਰੂਹ ਪੰਜਬ ਦੀ" (ਮਹਾਰਾਣੀ ਜਿੰਦ ਕੌਰ), "ਮਹਾਂਬਲੀ ਰਣਜੀਤ ਸਿੰਘ" ਦਾ ਇਤਿਹਾਸ ਅਤੇ ਖੋਜ ਪੱਤਰ ਲਿਖਦਿਆਂ ਸਤਿਗੁਰੂ ਜਗਜੀਤ ਸਿੰਘ ਨੇ ਸੁਰਿੰਦਰ ਕੌਰ ਦੀ ਸਾਕਾਰਤਮਕ ਸੋਚ, ਕੁਛ ਕਰ ਗੁਜ਼ਰਨ ਦੀ ਲਾਲਸਾ, ਮਿਹਨਤ ਅਤੇ ਆਤਮ ਵਿਸ਼ਵਾਸ਼ ਨੂੰ ਨਿਹਾਰਿਆ ਅਤੇ ਉਸਨੂੰ 1994 ਈਸਵੀ ਵਿੱਚ ਨਾਮਧਾਰੀ ਪੰਥ ਦਾ "ਸੂਬਾ" ਥਾਪ ਦਿੱਤਾ ਤੇ ਫਿਰ ਉਹ ਹੱਥਾਂ ਦੀਆਂ ਤਲੀਆਂ ਤੇ ਮੱਘਦੇ ਸੂਰਜ ਨੂੰ ਲੈ ਕੇ ਹਨੇਰਿਆਂ ਵਿੱਚ ਕੁਝ ਤਲਾਸ਼ਣ ਦੇ ਰਾਹ ਪੈ ਗਈ। ਉਸ ਨੇ ਆਜ਼ਾਦੀ ਘੁਲਾਟੀਆਂ ਅਤੇ ਉਹਨਾਂ ਦੇ ਪਰਿਵਾਰਾਂ ਅਤੇ ਬੰਸ਼ਾਵਲੀਆਂ ਦਾ ਖੋਜ ਕਾਰਜ ਅਰੰਭ ਕੀਤਾ ਜੋ ਸਤਿਗੁਰੂ ਰਾਮ ਸਿੰਘ ਵੱਲੋਂ ਅਰੰਭੇ ਪ੍ਰਥਮ ਆਜ਼ਾਦੀ ਸੰਘਰਸ਼ ਕੂਕਾ ਸੰਗਰਾਮ ਵਿੱਚ ਅੰਗਰੇਜ਼ ਸਰਕਾਰ ਵੱਲੋਂ ਤੋਪਾਂ ਨਾਲ ਉਡਾ ਦਿੱਤੇ ਗਏ, ਫਾਂਸੀਆਂ ਤੇ ਚੜ੍ਹਾ ਦਿੱਤੇ ਗਏ, ਕਾਲੇ ਪਾਣੀ ਜਲਾਵਤਨ ਕਰ ਦਿੱਤੇ ਗਏ ਅਤੇ ਸਮੁੰਦਰਾਂ ਵਿੱਚ ਡੋਬ-ਡੋਬ ਸ਼ਹੀਦ ਕਰ ਦਿੱਤੇ ਗਏ।

1995ਈ. ਵਿੱਚ ਮੇਰਾ ਵਾਸਤਾ ਵੀ ਸੂਬਾ ਜੀ ਨਾਲ ਉਦੋਂ ਹੀ ਪਿਆ ਜਦੋਂ ਉਹ ਆਪਣੀ ਰਹਾਇਸ਼ ਗਾਹ ਰੋਪੜ ਤੋਂ ਬਠਿੰਡਾ ਜਿਲ੍ਹੇ ਦੇ ਭਾਰਤ ਲਈ ਸ਼ਹੀਦ ਹੋਏ ਪਰਿਵਾਰਾਂ ਦੀ ਖੋਜ ਕਰਨ ਆਏ। ਮੈਂ ਸੁਭਾਗਾ ਹੀ ਸੀ ਕਿ ਮੈਂ ਆਪਣੀ ਅਤੀ ਰੁਝੇਵਿਆਂ ਭਰੀ ਜਿੰਦਗੀ ਵਿਚੋਂ ਸਮਾਂ ਕੱਢਕੇ ਸੂਬਾ ਜੀ ਅਤੇ

ਸਮੇਂ ਨਾਲ ਵਧੇ ਫੁੱਲੇ ਅਣਗਿਣਤ ਪਰਿਵਾਰਾਂ ਵਿੱਚ ਖੋਜ ਛਾਣਬੀਣ ਕਰਨ ਸਮੇਂ ਨਾਲ ਰਿਹਾ। ਸੂਬਾ ਜੀ ਦਾ ਰੈਣ ਬਸੇਰਾ ਸਾਡੇ ਘਰ ਹੀ ਹੁੰਦਾ। ਇਹੋ ਸਮਾਂ ਸੀ ਜਦੋਂ ਸੂਬਾ ਜੀ ਦੀ ਜਿੰਦਗੀ ਦੇ ਪਲ-ਪਲ ਨੂੰ ਨਿਹਾਰਨ ਦਾ ਮੌਕਾ ਮਿਲਿਆ। ਨਾਮਧਾਰੀ ਅਕੀਦੇ ਮੁਤਾਬਿਕ ਉਹਨਾਂ ਦੀ ਜਿੰਦਗੀ ਦਾ ਨਿਯਮ ਸੀ ਕਿ ਅੰਮ੍ਰਿਤ ਵੇਲੇ ਜਾਗਣਾ, ਸਣਕੇਸ਼ੀ ਇਸ਼ਨਾਨ ਕਰਨਾ, ਨਾਮ ਸਿਮਰਨ ਕਰਨਾ, ਗੁਰਬਾਣੀ ਦਾ ਪਾਠ ਕਰਨਾ ਅਤੇ ਪਹੁਫੁਟਾਲੇ ਨਾਲ ਹੀ ਨਾਸ਼ਤਾ ਕਰਕੇ ਆਪਣੀ ਸੁੰਦਰ ਚਿੱਟੀ ਪੁਸ਼ਾਕ ਪਹਿਨਕੇ ਆਪਣੇ ਖੋਜ ਕਾਰਜ ਲਈ ਨਿਕਲ ਜਾਣਾ। ਉਹ ਸਮਾਜ ਵਿੱਚ ਵਿਚਰਦੇ ਬੜੀ ਅਪਣੱਤ ਅਤੇ ਧੀਰਜ ਨਾਲ ਲੋਕਾਂ ਨੂੰ ਗੁਰਬਾਣੀ, ਗੁਰਸਿੱਖੀ ਅਤੇ ਆਜ਼ਾਦੀ ਸੰਘਰਸ਼ ਬਾਰੇ ਡੂੰਘੇ ਵਾਰਤਾਲਾਪ ਕਰਦੇ। ਕਈ ਵਾਰ ਅਣਜਾਣੇ ਅਤੇ ਸ਼ਰਾਬ ਪੀਣ ਵਾਲੇ ਪਰਿਵਾਰਾਂ ਨਾਲ ਵੀ ਵਾਹ ਪੈਂਦਾ ਪਰ ਸੂਬਾ ਜੀ ਦੀ ਦ੍ਰਿੜਤਾ, ਸਥਿਰਤਾ, ਨਿਮਰਤਾ ਅਤੇ ਸੰਕਲਪ ਦੀ ਪ੍ਰਾਪਤੀ ਦਾ ਜ਼ਜ਼ਬਾ ਕਮਾਲ ਦਾ ਸੀ ਉਹ ਅਜ਼ਨਬੀ ਪਰਿਵਾਰਾਂ ਵਿੱਚਕਾਰ ਇੰਝ ਮੰਜਾ ਡਾਹਕੇ ਗੱਲਾਂ ਬਾਤਾਂ ਕਰਨ ਲੱਗਦੇ ਜਿਵੇਂ ਯੁਗਾਂ ਦੀ ਪੁਰਾਤਨ ਸਾਂਝ ਹੋਵੇ। ਸੂਬਾ ਜੀ ਨੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਦੀ ਖੋਜ ਪੂਰੇ ਪੰਜਾਬ ਵਿੱਚ ਹੀ ਨਹੀਂ ਕੀਤੀ ਸਗੋਂ ਉਹ ਬਰ੍ਹਮਾ ਵੀ ਗਏ ਜਿਥੇ ਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਸੂਬਿਆਂ ਨੂੰ ਵੱਖ ਵੱਖ ਥਾਵਾਂ ਤੇ ਜਲਾਵਤਨ ਕਰ ਦਿੱਤਾ ਸੀ।

ਅਕਤੂਬਰ 2020 ਵਿੱਚ ਸੂਬਾ ਸੁਰਿੰਦਰ ਕੌਰ ਦੀ 15 ਸਾਲ ਦੀ ਮਿਹਨਤ ਦਾ ਫਲ ਉਸ ਸਮੇਂ ਪ੍ਰਤੱਖ ਹੋਇਆ ਜਦੋਂ ਉਹਨਾਂ ਦੀ 550 ਸਫਿਆਂ ਦੀ ਵੱਡ ਅਕਾਰੀ ਪੁਸਤਕ "ਲੁਕਿਆ ਸੱਚ" ਰਿਲੀਜ਼ ਹੋਈ। ਇਸ ਪੁਸਤਕ ਵਿੱਚ ਆਜ਼ਾਦੀ ਸੰਘਰਸ਼ ਦੇ ਯੋਧਿਆਂ ਦੇ 2200 ਉਹ ਸਰਕਾਰੀ ਦਸਤਾਵੇਜ਼ ਹਨ, ਜਿੰਨਾਂ ਵਿੱਚ ਰਾਜਿਆਂ, ਮਹਾਰਾਜਿਆਂ, ਅੰਗਰੇਜ਼ ਹੁਕਮਰਾਨਾਂ ਅਹਿਲਕਾਰਾਂ ਦੀਆਂ ਆਜ਼ਾਦੀ ਘੁਲਾਟੀਆਂ ਵਿਰੁੱਧ ਦਫ਼ਤਰੀ ਅਤੇ ਖੁਫ਼ੀਆ ਰਿਪੋਰਟਾਂ ਅਤੇ ਕਾਰਵਾਈਆਂ ਹਨ। ਇਹਨਾਂ ਦਸਤਾਵੇਜਾਂ ਨੂੰ ਕਰੜੀ ਘਾਲਣਾ ਨਾਲ ਸੂਬਾ ਜੀ ਵੱਲੋਂ ਪੰਜਾਬ ਸਟੇਟ ਆਰਕਾਈਵਜ਼ ਪਟਿਆਲਾ ਵਿਚੋਂ ਕਢਵਾਇਆ ਅਤੇ ਉਰਦੂ ਫ਼ਾਰਸੀ ਦੇ ਕਾਗਜਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਵਾਕੇ ਇਤਿਹਾਸ ਦੀ ਝੋਲੀ ਇਕ ਵੱਡਮੁੱਲੀ ਸੌਗਾਤ ਪਾਈ।

ਸੂਬਾ ਜੀ ਨੇ ਪਾਕਿਸਤਾਨ, ਥਾਈਲੈਂਡ, ਅਫਰੀਕਾ ਅਤੇ ਇੰਗਲੈਂਡ ਦੀ ਯਾਤਰਾ ਵੀ ਕੀਤੀ ਅਤੇ ਸਫ਼ਰਨਾਮੇ ਵੀ ਲਿਖੇ। ਉਹ ਲਗਾਤਾਰ 10 ਸਾਲ ਜੱਗਬਾਣੀ ਦੇ ਸੱਭਿਆਚਾਰਕ ਅੰਕ ਵਿੱਚ ਛਪੇ। "ਅਜੀਤ" ਅਤੇ "ਪੰਜਾਬੀ ਟ੍ਰਿਬਿਊਨ" ਨੇ ਉਹਨਾਂ ਦੀ ਇਤਿਹਾਸਕ ਸਮੱਗਰੀ ਅਤੇ ਸਫ਼ਰਨਾਮਿਆਂ ਨੂੰ ਲੜੀਵਾਰ ਛਾਪਿਆ । ਸੂਬਾ ਸੁਰਿੰਦਰ ਕੌਰ 'ਖਰਲ' ਸਰਬ ਹਿੰਦ ਨਾਮਧਾਰੀ ਇਸਤਰੀ ਵਿਦਿਅਕ ਜੱਥਾ ਦੇ ਪ੍ਰਧਾਨ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ, ਪੰਜਾਬ ਸਾਹਿਤ ਅਕਾਦਮੀ ਲੁਧਿਆਣਾ ਤੋਂ ਬਿਨਾਂ ਉਹ ਹੋਰ ਅਨੇਕਾਂ ਸਾਹਿਤਕ ਅਤੇ ਸਮਾਜਿਕ ਸੰਸਥਾਵਾਂ ਵਿੱਚ ਸਰਗਰਮ ਭੂਮਿਕਾ ਨਿਭਾਉਂਦੇ ਰਹੇ। ਜਿੰਦਗੀ ਵਿੱਚ ਅਨੇਕਾਂ ਮਾਣ ਸਨਮਾਨਾਂ ਨਾਲ ਉਹਨਾਂ ਦੀਆਂ ਝੋਲੀਆਂ ਭਰਦੀਆਂ ਰਹੀਆਂ। ਵਿਸ਼ਵ ਸਿੱਖ ਸੰਮੇਲਨ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦਾਂ ਦੇ ਖੋਜ ਕਾਰਜ ਲਈ ਸਨਮਾਨ ਤੋਂ ਇਲਾਵਾ ਉਹਨਾਂ ਨੂੰ ਬਾਲ ਸਾਹਿਤ ਰਚੇਤਾ, ਸ਼ਹੀਦ ਲਹਿਣਾ ਸਿੰਘ ਅਤੇ ਮਾਸਟਰ ਨਿਹਾਲ ਸਿੰਘ ਯਾਦਗਾਰੀ ਪੁਰਸਕਾਰ ਵੀ ਮਿਲੇ।

ਪੁੱਤਰ ਰਾਜੇ ਅਤੇ ਧੀ ਰੂਪਾ ਦੀ ਮਾਂ ਪੰਜਾਬੀ ਸਾਹਿਤ ਦੀ ਇਹ ਪ੍ਰਸਿੱਧ, ਪ੍ਰਬੁੱਧ ਅਤੇ ਸੁੱਘੜ ਲੇਖਿਕਾ ਆਪਣੀ ਮੰਜ਼ਿਲ ਦੀ ਪ੍ਰਾਪਤੀ ਵੱਲ ਉਡਾਰੀਆਂ ਮਾਰਦੀ ਏਨੀ ਲੰਮੀ ਉਡਾਣ ਭਰ ਗਈ ਹੈ ਕਿ ਉਹ ਹੁਣ ਵਾਪਸ ਨਹੀਂ ਆਵੇਗੀ। ਉਸਦੀਆਂ ਛੇ ਕਿਤਾਬਾਂ ਦੇ ਤਿਆਰ ਪਏ ਖਰੜੇ ਅਤੇ ਮੋਤੀਆਂ ਵਰਗੇ ਅੱਖਰਾਂ ਨਾਲ ਰੋਜ਼ਾਨਾ ਲਿਖੀਆਂ ਜਾਣ ਵਾਲੀਆਂ 20 ਵੱਡ ਅਕਾਰੀ ਡਾਇਰੀਆਂ ਭਵਿੱਖ ਵਿੱਚ ਨਵੀਆਂ ਜਾਣਕਾਰੀਆਂ ਦੇਣਗੀਆਂ।

ਜਿਥੇ ਅੱਜ ਦੀ ਮਹਾਂਮਾਰੀ ਸਮੇਂ ਸਾਡੀਆਂ ਅੰਤਿਮ ਯਾਤਰਾਵਾਂ ਰੁਲ ਗਈਆਂ ਹਨ, ਉਥੇ ਇਸ ਮਹਾਨ ਇਤਿਹਾਸਕਾਰ ਲੇਖਿਕਾ ਦੀ ਕਰੋਨਾ ਕਾਰਨ ਹੋਏ ਸਦੀਵੀ ਵਿਛੋੜੇ ਦਾ ਅੰਤਿਮ ਸਮੇਂ ਡਾਢਾ ਸਤਿਕਾਰ ਹੋਇਆ ਹੈ। ਸਤਿਗੁਰੂ ਉਦੇ ਸਿੰਘ ਦੀ ਅਗਵਾਈ ਵਿੱਚ ਇਸ਼ਨਾਨ ਕਰਵਾਕੇ ਅਤੇ ਕੋਵਿਡ-19 ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਦਿਆਂ ਸ਼੍ਰੀ ਭੈਣੀ ਸਾਹਿਬ ਵਿਖੇ ਉਹਨਾਂ ਦਾ ਸੰਸਕਾਰ ਹੋਇਆ ਅਤੇ 3 ਜੂਨ ਨੂੰ ਭੈਣੀ ਸਾਹਿਬ ਵਿਖੇ ਉਹਨਾਂ ਦੀ ਯਾਦ ਵਿੱਚ ਹੋਏ ਸ਼ਬਦ ਕੀਰਤਨ ਅਤੇ ਅੰਤਿਮ ਅਰਦਾਸ ਨੂੰ ਸੰਸਾਰ ਦੇ ਕੋਨੇ ਕੋਨੇ ਵਿਚ ਆਨਲਾਈਨ ਦਿਖਾਇਆ ਗਿਆ। ਉਸਨੇ ਜਿੰਦਗੀ ਦੇ ਹਰ ਪਲ ਵਿੱਚ ਲਿਖਣ ਲਈ ਸੋਚਿਆ, ਹਰ ਦਿਨ ਲਿਖਿਆ ਅਤੇ ਖੁੱਲੀ ਕਵਿਤਾ ਦੇ ਸਾਗਰ ਵਿੱਚੋਂ ਮੋਤੀ ਚੁਗਦੀ ਚੁਗਦੀ ਉਹ ਆਪਣਾ ਆਪ ਗਵਾਕੇ ਤੂੰ ਹੀ ਤੂੰ ਦੀ ਅਵਸਥਾ ਵਿੱਚ ਗਵਾਚ ਜਾਂਦੀ ਹੈ –

"ਨੈਣਾ 'ਚ ਅਨੇਕਾਂ ਅਫ਼ਸਾਨੇ,
ਹੋਠਾਂ ਤੇ ਚੁੱਪ ਦਾ ਜਿੰਦਰਾ,
ਦਿਲ 'ਚ ਸਮਰਪਣ ਦੀਆਂ ਧੜਕਣਾ
ਆਤਮਾ 'ਚ ਅਣਗਿਣਤ ਫੁੱਲਾਂ ਦੀ ਖੁਸ਼ਬੋ ਲੈ ਕੇ
ਮੈਂ ਤੇਰੇ ਦਰ ਤੇ ਆਈ ਹਾਂ ।"

....................................................

# ਮੁਸ਼ਕਲ ਰਾਹਾਂ ਦੀ ਮੁਸਾਫ਼ਰ ਸੂਬਾ ਸੁਰਿੰਦਰ ਕੌਰ ਖਰਲ



**ਅਜੀਤ ਸਿੰਘ ਲਾਇਲ**

ਭਾਰਤ ਰਿਸ਼ੀਆਂ ਮੁਨੀਆਂ ਤੇ ਗੁਰੂਆਂ ਪੀਰਾਂ ਦੀ ਧਰਤੀ ਹੈ। ਭਾਰਤ ਦੀ ਸੰਸਕ੍ਰਿਤੀ ਤੇ ਪਰੰਪਰਾਵਾਂ ਉੱਚੀਆਂ ਕਦਰਾਂ-ਕੀਮਤਾਂ ਨਾਲ ਓਤ-ਪੋਤ ਹਨ। ਧਾਰਮਿਕ ਮਰਿਆਦਾਵਾਂ ਅਤੇ ਬੰਧੇਜ, ਮਨੁੱਖ ਮਾਤਰ ਲਈ ਉੱਚੀ-ਸੁੱਚੀ ਜਿੰਦਗੀ ਜਿਊਣ ਵਾਸਤੇ ਮਾਰਗ ਦਰਸ਼ਕ ਹਨ। ਪਰ ਫਿਰ ਵੀ ਭਾਰਤ ਵਿੱਚ ਤੇ ਖ਼ਾਸ ਕਰਕੇ ਏਸ਼ੀਆ ਮਹਾਂਦੀਪ ਦੇ ਬਹੁਤੇ ਦੇਸ਼ਾਂ ਵਿੱਚ ਔਰਤ ਨੂੰ ਉਹੋ ਜਿਹਾ ਮਨੁੱਖੀ ਬਰਾਬਰੀ ਦਾ ਰੁਤਬਾ ਹਾਸਲ ਨਹੀਂ ਹੋ ਸਕਿਆ, ਜਿਹੋ ਜਿਹੇ ਰੁਤਬੇ ਦਾ ਸੰਕਲਪ ਗੁਰੂ ਨਾਨਕ ਪਾਤਸ਼ਾਹ ਅਤੇ ਦੂਸਰੇ ਮਹਾਂਪੁਰਖਾਂ ਨੇ ਚਿਤਵਿਆ ਸੀ। ਅੱਜ ਵੀ ਇਸ ਖਿੱਤੇ ਵਿੱਚ ਕਿਸੇ ਔਰਤ ਦਾ ਆਜ਼ਾਦੀ ਨਾਲ ਵਿਚਰਨਾ ਬੜਾ ਹੀ ਮੁਸ਼ਕਲ ਹੈ। ਔਰਤ ਨਾਲ ਹੋ ਰਹੀਆਂ ਵਧੀਕੀਆਂ ਅਤੇ ਔਰਤ ਦੀ ਦੁਰਗਤੀ ਦੀਆਂ ਖ਼ਬਰਾਂ ਨਾਲ, ਨਿੱਤ ਦੀਆਂ ਅਖ਼ਬਾਰਾਂ ਦੀਆਂ ਸੁਰਖੀਆਂ ਪਰੁੱਤੀਆਂ ਹੁੰਦੀਆਂ ਹਨ। ਪਰ ਅਜਿਹੇ ਹਾਲਾਤਾਂ ਤੋਂ ਬੇ-ਪਰਵਾਹ ਸੂਬਾ ਸੁਰਿੰਦਰ ਕੌਰ ਖਰਲ ਪੂਰੀ ਜੁਰਅਤ, ਸਿਰੜ ਅਤੇ ਲਗਨ ਨਾਲ ਆਪਣੇ ਖੋਜ ਕਾਰਜਾਂ ਨਾਲ ਪਰਨਾਈ ਹੋਈ ਸੀ। ਇਤਿਹਾਸ ਦਾ ਵਿਸ਼ਾ ਤੇ ਹੈ ਹੀ ਨੀਰਸ ਤੇ ਰੁੱਖਾ, ਕਿਉਂਕਿ ਇਤਿਹਾਸ ਨੇ ਉਸ ਦੀ ਸ਼ਾਅਦੀ ਭਰਨੀ ਹੈ, ਜੋ ਹੋ ਚੁੱਕਾ ਹੈ, ਬੀਤ ਚੁੱਕਾ ਹੈ। ਇਸ ਕਾਰਜ ਲਈ ਨਾਮ, ਥਾਮ, ਤਿਥ, ਗਵਾਹੀਆਂ ਬਹੁਤ ਅਹਿਮੀਅਤ ਰੱਖਦੀਆਂ ਹਨ ਅਤੇ ਫਿਰ ਇਤਿਹਾਸ ਦੇ ਪਾਤਰਾਂ ਦੀ ਠੀਕ ਨਿਸ਼ਾਨ-ਦੇਹੀ ਕਰਨੀ, ਫਿਰ ਉਹਨਾ ਦੇ ਵਾਰਸਾਂ ਨੂੰ ਲੱਭਣਾ, ਸਰਕਾਰੀ, ਰਿਆਸਤੀ ਤੇ ਅਰਧ ਸਰਕਾਰੀ ਪੁਰਾਤਨ ਰਿਕਾਰਡ ਤੇ ਦਸਤਾਵੇਜਾਂ ਤੱਕ ਪਹੁੰਚ ਬਨਾਉਣੀ, ਉਹਨਾ ਨੂੰ ਖੰਘਾਲਣਾ, ਆਪਣੇ ਵਿਸ਼ੇ ਨਾਲ ਸਬੰਧਤ ਦਸਤਾਵੇਜਾਂ ਨੂੰ ਢੂੰਡਣਾ, ਨੋਟਸ ਲੈਣੇ, ਫੋਟੋਆਂ ਤੇ ਫੋਟੋ ਕਾਪੀਆਂ ਜਾਂ ਉਤਾਰੇ ਦਾ ਪ੍ਰਬੰਧ ਕਰਨਾ ਬੜਾ ਹੀ ਕਠਨ, ਮੁਸ਼ਕਲ ਤੇ ਅਕਾਊ ਕੰਮ ਹੈ। ਤੇ ਇਹ ਕੰਮ ਕਿਸੇ ਹਾਰੀ-ਸਾਰੀ ਦੇ ਵੱਸ ਦਾ ਵੀ ਨਹੀਂ। ਪਰ ਬੀਬੀ ਸੁਰਿੰਦਰ ਕੌਰ ਖਰਲ ਦੀ ਲਗਨ ਤੇ ਮਿਹਨਤ ਨੇ ਉਹ ਕੁਝ ਕਰ ਵਿਖਾਇਆ ਜੋ ਅੱਧੀ ਸਦੀ ਪਹਿਲੋਂ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਅਤੇ ਰਹਿਨੁਮਾਈ ਹੇਠ ਨਾਮਧਾਰੀ ਸਿੱਖਾਂ ਨੇ ਦੇਸ਼ ਦੀ ਆਜਾਦੀ ਲਈ ਪਹਿਲ-ਕਦਮੀ ਕਰਦਿਆਂ ਅੰਗਰੇਜ਼ੀ ਹਕੂਮਤ ਵਿਰੁਧ ਨਾ-ਮਿਲਵਰਤਨ ਦਾ ਹਥਿਆਰ ਵਰਤਦਿਆਂ ਅਸਹਿਯੋਗ ਦਾ ਅੰਦੋਲਨ ਸ਼ੁਰੂ ਕੀਤਾ ਅਤੇ ਵਕਤੀ ਬਸਤੀਵਾਦੀ ਫਿਰੰਗੀ ਹਕੂਮਤ ਦੇ ਜਬਰ ਤੇ ਜੁਲਮ ਨੂੰ ਆਪਣੇ ਪਿੰਡੇ ਤੇ ਹੰਡਾਇਆ, ਸ਼ਹੀਦੀਆਂ ਦਿੱਤੀਆਂ। ਸ਼ਹੀਦੀਆਂ ਵੀ ਅਜਿਹੀਆਂ ਜਿਨ੍ਹਾਂ ਨੂੰ ਜੱਗੋਂ ਬਾਹਰੀਆਂ ਹੀ ਕਿਹਾ ਜਾ ਸਕਦਾ ਹੈ। ਨਾਮਧਾਰੀ ਸਿੱਖਾਂ ਨੇ ਆਪਣੇ ਗਲਾਂ ਵਿੱਚ ਆਪ ਫਾਂਸੀ ਦੇ ਫੰਦੇ ਪਾ ਕੇ ਮੌਤ ਲਾੜੀ ਨੂੰ ਪ੍ਰਨਾਇਆ। ਮਕਤਲ 'ਤੇ ਹਾਜ਼ਰ ਹਾਕਮਾ ਨੂੰ ਜੁਰਅਤ ਨਾਲ ਲਲਕਾਰਿਆ ਜੋਸ਼ ਵਿੱਚ ਆ ਕੇ ਉਹਨਾ 'ਤੇ ਹਮਲੇ ਕੀਤੇ, ਤੋਪਾਂ ਦੇ ਸਾਹਵੇਂ ਆਪ ਹਿੱਕਾਂ ਡਾਹ-ਡਾਹ ਕੇ ਆਪਣੀਆਂ ਛਾਤੀਆਂ ਤੇ ਤੋਪਾਂ ਦੇ ਗੋਲੇ ਖਾਧੇ ਤੇ ਤੂੰਬਾ-ਤੂੰਬਾ ਹੋ ਉਡ ਗਏ। ਬੰਦੀਖਾਨਿਆਂ ਦੀਆਂ, ਜਲਾਵਤਨੀ ਦੀਆਂ ਜਾਚਨਾਵਾਂ ਤੇ ਅਣ-ਮਨੁੱਖੀ ਤਸੱਦਦ ਸਹੇ।ਇਹਨਾ ਘਟਨਾਵਾਂ ਦਾ ਬਹੁਤਾ ਬਿਓਰਾ ਤੇ ਰਿਕਾਰਡ ਸਰਕਾਰ ਦੇ ਪੁਰਾਤਨ-ਵਿਭਾਗ ਦੇ ਤਹਿ-ਖਾਨਿਆਂ ਵਿੱਚ ਵੱਡੀਆਂ ਅਲਮਾਰੀਆਂ ਵਿੱਚ ਦੱਬਿਆ ਪਿਆ ਸੀ।ਭਾਵੇ ਸੈਂਟਰਲ ਆਰਕਵਾਈਜ਼ ਦਾ ਰਿਕਾਰਡ ਖੰਘਾਲਣ ਤੇ ਇਕੱਤਰ ਕਰਨ ਲਈ ਸਰਦਾਰ ਨਾਹਰ ਸਿੰਘ ਜੀ ਐਮ.ਏ. ਅਤੇ ਸਰਦਾਰ ਜਸਵਿੰਦਰ ਸਿੰਘ ਹਿਸਟੋਰੀਅਨ ਨੇ ਬਹੁਤ ਸਾਰਾ ਖੋਜ ਕਾਰਜ ਮੁਕਾ ਲਿਆ ਸੀ ਪਰ ਰਿਆਸਤਾਂ ਦੇ ਰਜਵਾੜਿਆ ਕੋਲ ਦੱਬਿਆ ਪਿਆ ਰਿਕਾਰਡ ਲੱਭਣ,ਖੰਘਾਲਣ ਤੇ ਇਕੱਤਰ ਕਰਨ ਦਾ ਕੰਮ ਕੇਵਲ ਤੇ ਕੇਵਲ ਬੀਬੀ ਸੁਰਿੰਦਰ ਕੌਰ ਖਰਲ ਦੇ ਹਿੱਸੇ ਹੀ ਆਇਆ।

ਬੀਬੀ ਸੁਰਿੰਦਰ ਕੌਰ ਖਰਲ ਇਤਿਹਾਸ ਦੀ ਵਿਦਿਆਰਥਣ ਸੀ ਤੇ ਉਸ ਦੀ ਸ਼ੇਰੇ-ਪੰਜਾਬ ਮਹਾਂਰਾਜਾ ਰਣਜੀਤ ਸਿੰਘ ਦੇ ਰਾਜ-ਭਾਗ ਅਤੇ ਪ੍ਰਬੰਧਾਂ ਬਾਰੇ ਇਕ ਖੋਜ ਭਰਪੂਰ ਪੁਸਤਕ ਛੱਪ ਵੀ ਚੁੱਕੀ ਸੀ। ਪਰ ਜਿਉਂ ਹੀ ਉਹ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਨਜ਼ਰਾ-ਨਿਗਾਹਾਂ ਚ ਆਏ ਤਾਂ ਉਹਨਾ ਦੀ ਸੋਚ ਨਾਮਧਾਰੀ ਸ਼ਹੀਦਾਂ ਸਬੰਧੀ ਕੁਝ ਕਰਨ ਲਈ ਪਰਿਵਰਤਿਤ ਹੋ ਗਈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਤੇ ਅਸ਼ੀਰਵਾਦ ਲੈ ਕੇ ਬੀਬੀ ਖਰਲ ਨੇ ਨਾਮਧਾਰੀ ਸ਼ਹੀਦਾਂ ਤੇ ਉਹਨਾ ਦੇ ਪਰਿਵਾਰਾਂ ਤੇ ਵਾਰਸਾਂ ਸਬੰਧੀ

ਖੋਜ ਦਾ ਕੰਮ ਸ਼ੁਰੂ ਕਰ ਦਿੱਤਾ। ਪਰ ਇਹ ਬੜਾ ਕਠਨ ਕੰਮ ਸੀ। ਆਜ਼ਾਦੀ-ਸੰਘਰਸ਼ ਵਿੱਚ ਸਜਾ ਪਾ ਚੁੱਕੇ ਮਰਜੀਵੜਿਆਂ, ਸ਼ਹੀਦ ਹੋ ਚੁੱਕੇ ਸ਼ਹੀਦਾਂ ਨੂੰ ਤਕਰੀਬਨ ਇਕ ਸਦੀ ਬੀਤ ਚੁੱਕੀ ਸੀ। ਪਿੱਛੇ ਉਹਨਾਂ ਦੇ ਪਰਿਵਾਰਾਂ ਤੇ ਕੀ ਬੀਤੀ, ਉਹਨਾ ਨੂੰ ਕਿੰਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਉਹਨਾ ਕਿਵੇਂ-ਕਿਵੇਂ ਦੇ ਸਰਕਾਰੀ ਤਸ਼ੱਦਦ ਸਹੇ ਤੇ ਆਪਣੇ ਆਪ ਨੂੰ ਹਾਕਮੀ ਸਖਤੀਆਂ ਤੋਂ ਕਿਵੇਂ ਬਚਾਇਆ, ਇਹ ਬਹੁਤ ਸਾਰੇ ਸਵਾਲ ਸਨ ਜਿੰਨਾਂ ਦਾ ਜੁਵਾਬ ਅਜੇ ਲੱਭਣਾ ਸੀ। ਇਕ ਸ਼ੇਅਰ ਹੈ:

ਜੋ ਧੁਨ ਸਾਜ਼ ਸੇ ਨਿਕਲੀ ਵੁਹ ਤੋ ਸਭ ਨੇ ਸੁਨੀ;
ਜੋ ਤਾਰ ਪੇ ਗੁਜਰੀ ਵੁਹ ਕਿਸ ਕੋ ਪਤਾ ?

ਅੰਗਰੇਜ਼ੀ ਹਕੂਮਤ ਦੇ ਇਹਨਾ ਬਾਗ਼ੀ ਨਾਮਧਾਰੀਆਂ ਦੇ ਪਰਿਵਾਰਾਂ 'ਤੇ ਵੀ ਅਣਗਿਣਤ ਸਰਕਾਰੀ ਜੁਲਮ ਸਿਤਮ ਢਾਹੇ ਗਏ। ਉਹਨਾ ਦੀਆਂ ਜਾਇਦਾਦਾਂ ਕੁਰਕ ਕਰ ਲਈਆਂ ਗਈਆਂ, ਉਹਨਾਂ ਦੇ ਘਰ ਦਾ ਸਮਾਨ ਭਾਂਡੇ-ਟੀਡੇ, ਮਾਲ ਅਸਬਾਬ ਸੱਭੋ ਕੁਝ ਜਬਤ ਕਰ ਲਿਆ ਗਿਆ, ਇਥੋਂ ਤੱਕ ਕਿ ਕੋਠਿਆਂ ਦੀਆਂ ਕੜੀਆਂ ਬਾਲੇ ਵੀ ਪੁਲੀਸ ਲਾਹ ਕੇ ਲੈ ਗਈ। ਸਰਕਾਰੀ ਤਸ਼ੱਦਦ ਤੋਂ ਆਪਾ ਬਚਾਉਣ ਲਈ ਉਹ ਪਰਿਵਾਰ ਕਿਥੇ ਗਏ ?, ਕਿਵੇਂ ਰਹੇ ?, ਕਿੱਥੇ ਹਨ ? ਇਹ ਇਕ ਵੱਡਾ ਸਵਾਲ ਸੀ ਜਿਸ ਨੂੰ ਬੀਬੀ ਸੁਰਿੰਦਰ ਕੌਰ ਨੇ ਹੱਲ ਕਰਨਾ ਸੀ।

ਬੀਬੀ ਸੁਰਿੰਦਰ ਕੌਰ ਖਰਲ ਨੇ ਉਹਨਾਂ ਸ਼ਹੀਦਾਂ ਦੇ ਪਰਿਵਾਰਾਂ ਤੱਕ ਪਹੁੰਚ ਬਨਾਣ ਲਈ ਕੋਈ ਕਸਰ ਨਹੀਂ ਛੱਡੀ, ਬਹੁਤ ਹੀ ਕਠਨ ਘਾਲਣਾ ਘਾਲ੍ਹੀ। ਗੱਡੀਆਂ ਰਾਹੀਂ, ਬੱਸਾਂ ਰਾਹੀਂ, ਤਾਂਗਿਆਂ ਰਾਹੀਂ, ਗੱਡਿਆਂ ਤੇ ਬਹਿ ਕੇ, ਪੈਦਲ ਚੱਲ ਕੇ, ਦੂਰ ਦੁਰਾਡੀਆਂ ਥਾਵਾਂ ਤੇ ਜਿੱਥੇ ਵੀ ਸ਼ਹੀਦਾਂ ਦੇ ਪਰਿਵਾਰਾਂ ਦੇ ਵਾਰਸਾਂ ਦੀ ਦੱਸ ਪਈ, ਬੀਬੀ ਖਰਲ ਉਸ ਥਾਂ 'ਤੇ ਪਹੁੰਚੀ ਤੇ ਜਾਣਕਾਣੀ ਇਕੱਤਰ ਕੀਤੀ। ਸੂਬਾ ਖਰਲ ਨੇ ਤਕਰੀਬ ਦੋ ਦਰਜਨ ਪੁਸਤਕਾਂ ਲਿਖੀਆਂ ਹਨ। ਜੋ ਖੋਜ ਨਾਲ ਸਬੰਧਤ ਤੇ ਹਨ ਹੀ, ਕਹਾਣੀਆਂ ਅਤੇ ਕਵਿਤਾਵਾਂ ਦੀਆਂ ਪੁਸਤਕਾਂ ਵੀ ਸੂਬਾ ਖਰਲ ਨੇ ਲਿਖੀਆਂ ਹਨ। ਉਸ ਨੇ ਸਤਿਗੁਰੂ ਰਾਮ ਸਿੰਘ ਜੀ ਅਤੇ ਸ਼ਹੀਦਾਂ ਦੀ ਬੰਸਾਵਲੀ ਵੀ ਲਿਖੀ ਹੈ। ਅਕਸਰ ਬੰਸਾਵਲੀ ਲਿਖਣ ਵਾਲੇ ਕਿਸੇ ਦੇ ਵਾਰਸਾਂ ਵਿੱਚ ਉਸ ਦੇ ਪੁੱਤਰਾਂ ਦਾ ਹੀ ਜਿਕਰ ਕਰਦੇ ਹਨ, ਪਰ ਬੀਬੀ ਸੁਰਿੰਦਰ ਕੌਰ ਖਰਲ ਨੇ ਉਹਨਾ ਸ਼ਹੀਦਾਂ ਦੇ ਸਾਰੇ ਵਾਰਸਾਂ ਕੋਲ ਪਹੁੰਚ ਕੇ ਬੇਸ਼ੱਕ ਉਹ ਵਾਰਸ ਮਰਦ ਸੀ ਜਾਂ ਔਰਤ, ਇਕ ਸਟੀਕ, ਵਿਸ਼ਵਾਸ਼ਯੋਗ ਅਤੇ ਪਰਮਾਣੀਕ ਸ਼ਹੀਦਾਂ ਦੀ ਬੰਸਾਵਲੀ ਤਿਆਰ ਕੀਤੀ।

ਮਲੇਰਕੋਟਲੇ ਵਿੱਖੇ 18 ਜਨਵਰੀ 1872 ਨੂੰ ਸ਼ਹੀਦ ਹੋਏ ਨਾਮਧਾਰੀ ਸ਼ਹੀਦਾਂ ਦੀ ਜਾਣਕਾਰੀ ਤੇ ਸਰਕਾਰੀ ਰਿਕਾਰਡ ਵਿੱਚ ਸੀ, ਕਿਉਂਕਿ 18 ਜਨਵਰੀ ਨੂੰ ਅੰਬਾਲਾ ਡਵੀਜ਼ਨ ਦੇ ਅੰਗਰੇਜ਼ ਕਮਿਸ਼ਨਰ ਫੋਰਸਾਈਥ ਦੇ ਮਲੇਰਕੋਟਲੇ ਪਹੁੰਚ ਜਾਣ ਕਾਰਨ, ਉਸਨੇ ਕਨੂੰਨਨ ਖਾਨਾ-ਪੂਰਤੀ ਲਈ ਬਾਕੀ ਬਚੇ 16 ਨਾਮਧਾਰੀ ਸਿੱਖਾਂ ਤੇ ਅੰਗਰੇਜ਼ੀ ਹਕੂਮਤ ਖਿਲਾਫ਼ ਬਗਾਵਤ ਦੇ ਦੋਸ਼ ਵਿੱਚ ਮੁਕੱਦਮੇ ਦੀ ਫਰਜ਼ੀ ਅਦਾਲਤੀ ਕਾਰਵਾਈ ਪਾ ਲਈ ਸੀ ਅਤੇ ਕਨੂੰਨਨ ਖਾਨਾ-ਪੂਰਤੀ ਕਰ ਲਈ ਸੀ ਭਾਵੇਂ ਕਿ ਉਹਨਾਂ ਨਾਮਧਾਰੀ ਸਿਖਾਂ ਨੂੰ ਵੀ ਪਹਿਲੇ ਦਿਨ ਵਾਂਗ ਹੀ ਤੋਪਾਂ ਦੇ ਅੱਗੇ ਖਲਾਰ ਕੇ ਸ਼ਹੀਦ ਕਰ ਦਿੱਤਾ ਸੀ। ਤੇ ਇਸ ਦਿਨ ਸ਼ਹੀਦ ਹੋਏ ਨਾਮਧਾਰੀ ਸਿੰਘਾਂ ਦੀ ਜਾਣਕਾਰੀ ਸਰਕਾਰੀ ਰਿਕਾਰਡ ਵਿੱਚ ਹੈ ਸੀ। ਪਰ 17 ਜਨਵਰੀ ਨੂੰ ਸ਼ਹੀਦ ਹੋਏ ਨਾਮਧਾਰੀ ਸਿੰਘਾਂ ਦਾ ਬਿਓਰਾ ਅੰਗਰੇਜ਼ੀ ਹਕੂਮਤ ਦੇ ਸਰਕਾਰੀ ਰਿਕਾਰਡ ਵਿੱਚ ਠੀਕ ਠੀਕ ਨਹੀਂ ਸੀ ਮਿਲ ਰਿਹਾ। ਕਿਉਂਕਿ ਮਲੇਰਕੋਟਲਾ ਪਟਿਆਲਾ ਰਿਆਸਤ ਦੀ ਜੱਦ ਵਿੱਚ ਸੀ ਇਸ ਲਈ ਬੀਬੀ ਸੁਰਿੰਦਰ ਕੌਰ ਖਰਲ ਨੇ ਪਟਿਆਲਾ ਰਿਆਸਤ ਦੇ ਸਵਾ ਸੌ ਸਾਲ ਪੁਰਾਣੇ ਰਿਕਾਰਡ ਨੂੰ ਖੰਘਾਲਿਆ, ਜੋ ਕਿ ਉਰਦੂ ਤੇ ਫਾਰਸੀ ਲਿੱਪੀ ਵਿੱਚ ਅੰਕਿਤ ਸੀ। ਫਿਰ ਉਸ ਰਿਕਾਰਡ ਨੂੰ ਪੜ੍ਹਨ ਵਾਲੇ ਵਿਦਵਾਨਾ ਦੀ ਖੋਜ ਕੀਤੀ ਗਈ, ਉਹਨਾਂ ਤੱਕ ਪਹੁੰਚ ਕੀਤੀ ਗਈ,ਉਹਨਾ ਵਿਦਵਾਨਾ ਦੀ ਸੇਵਾ ਲਈ ਗਈ ਤੇ ਇਸ ਤਰ੍ਹਾਂ ਮਲੇਰਕੋਟਲੇ ਵਿੱਚ ਸ਼ਹੀਦ ਹੋਏ ਨਾਮਧਾਰੀ ਸ਼ਹੀਦਾਂ ਦਾ ਠੀਕ ਤੇ ਪ੍ਰਮਾਣੀਕ ਬਿਓਰਾ ਮਿਲ ਸਕਿਆ। ਇਸ ਕਾਰਜ ਲਈ ਹਾਈਕੋਰਟ ਦੇ ਵਕੀਲ ਸਰਦਾਰ ਮਲਵਿੰਦਰਜੀਤ ਸਿੰਘ ਵੜੈਚ ਅਤੇ ਸਰਦਾਰ ਜਸਵਿੰਦਰ ਸਿੰਘ ਹਿਸਟੋਰੀਅਨ ਹੁਰੀਂ ਵੀ ਸਹਾਇਕ ਸਿੱਧ ਹੋਏ। ਤੁਰ ਜਾਣ ਤੋ ਅਜੇ ਕੁਝ ਦਿਨ ਹੀ ਪਹਿਲੋਂ ਉਨ੍ਹਾਂ ਦੀ ਖੋਜ ਭਰਪੂਰ ਵੱਡ ਅਕਾਰੀ ਪੁਸਤਕ "ਲੁਕਿਆ ਸੱਚ" ਸਤਿਗੁਰੂ ਉਦੇ ਸਿੰਘ ਜੀ ਨੇ ਸੰਗਤਾਂ ਦੇ ਭਰਪੂਰ ਇਕੱਠ ਵਿਚ ਲੋਕ ਅਰਪਨ ਕੀਤੀ ਸੀ।

ਬੀਬੀ ਸੁਰਿੰਦਰ ਕੌਰ ਖਰਲ ਅਕਸਰ ਲਿਖਤ ਕਾਰਜਾਂ ਵਿੱਚ ਰੁਝੇ ਹੀ ਰਹਿੰਦੇ ਸਨ, ਉਹਨਾ ਤੇ ਪਤੀ-ਦੇਵ ਸਰਦਾਰ ਭਗਵੰਤ ਸਿੰਘ ਅਕਸਰ ਬੀਬੀ ਖਰਲ ਨੂੰ ਦੂਰ ਦੁਰਾਡੀਆਂ ਥਾਵਾਂ ਤੇ ਲੈ ਜਾਣ ਲਈ ਉਹਨਾਂ ਤੇ ਵੱਡੇ ਸਹਾਇਕ ਸਨ।ਸਰਦਾਰ ਭਗਵੰਤ ਸਿੰਘ ਹੁਰਾਂ ਦਾ ਉੱਦਮ ਤੇ ਸਹਿਯੋਗ ਵੀ ਬੀਬੀ ਜੀ ਦੇ ਖੋਜ-ਕਾਰਜਾਂ ਵਿੱਚ ਸਲਾਹੁਣ ਯੋਗ ਹੈ। ਬੀਬੀ ਖਰਲ ਦੀ ਕਲਮ ਹਮੇਸ਼ਾਂ ਗਤੀਸ਼ੀਲ ਰਹਿੰਦੀ ਸੀ। ਅਕਸਰ ਜਦੋਂ ਵੀ ਉਹਨਾਂ ਨਾਲ ਫ਼ੋਨ-ਵਾਰਤਾਲਾਪ ਹੁੰਦਾਂ ਉਹ ਦੱਸਿਆ ਕਰਦੇ ਸਨ ਕਿ ਉਹ ਕੀ ਲਿਖ ਰਹੇ ਹਨ ਤੇ ਅੱਗੋਂ ਕੀ ਲਿਖਣਾ ਤਜਵੀਜਿਆ ਹੋਇਆ ਹੈ। ਉਹਨਾ ਦੇ ਤੁਰ ਜਾਣ 'ਤੇ ਨਾਮਧਾਰੀ ਸਾਹਿਤਕ ਤਾਰਾ-ਮੰਡਲ ਵਿੱਚ ਇਕ ਖਲਾਅ ਪੈਦਾ ਹੋਇਆ ਹੈ। ਪਰ ਬੀਬੀ ਖਰਲ ਆਪਣੀਆਂ ਲਿਖਤਾਂ ਰਾਹੀ ਸਦੀਵ ਜਿੰਦਾ ਰਹਿਣਗੇ। ਡਾ.ਸੁਰਜੀਤ ਪਾਤਰ ਹੁਰਾਂ ਦੇ ਇਕ ਸ਼ੇਅਰ ਨਾਲ ਹੀ ਮੈਂ ਇਸ ਲਿਖਤ ਨੂੰ ਵਿਸ਼ਰਾਮ ਦੇਵਾਂਗਾ:-

ਜਿਨਾਂ ਚਿਰ ਹਰਫ਼ ਜਿਊਂਦੇ ਨੇ ਸੁਖ਼ਨਵਰ ਜਿਊਂਣ ਮਰ ਕੇ ਵੀ ;
ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿੱਚ ਸੁਆਹ ਬਣਦੇ।

..................................................

# ਸੂਬਾ ਬੀਬੀ ਸੁਰਿੰਦਰ ਕੌਰ ਦਾ ਜੀਵਨ ਸੰਘਰਸ਼



**ਦਵਿੰਦਰ ਸਿੰਘ ਗਿੱਲ**

**94177-69103**

ਮੌਤ ਕੀ ਹੈ? ਇਕ ਬੁਝਾਰਤ ਹੀ ਹੈ। ਜੋ ਅਜੇ ਤੱਕ ਕਿਸੇ ਤੋਂ ਬੁਝੀ ਨਹੀਂ ਜਾ ਸਕੀ। ਆਦਿ ਕਾਲ ਤੋਂ ਜਦੋਂ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ। ਉਦੋਂ ਤੋਂ ਹੀ ਜੀਵਨ ਵਾਲਾ ਜਿਊਂਦਾ ਪ੍ਰਾਣੀ ਸਾਰੀ ਉਮਰ ਜਿਉਣ ਲਈ ਸੰਘਰਸ਼ ਕਰਦਾ ਹੈ। ਪ੍ਰੰਤੂ ਅੰਤ ਉਸਨੂੰ ਮੌਤ ਨਿਗਲ ਜਾਂਦੀ ਹੈ। ਕੋਈ ਵੀ ਪ੍ਰਾਣੀ ਮੌਤ ਤੋਂ ਬਚ ਨਹੀਂ ਸਕਦਾ। ਆਦਿ ਕਾਲ ਤੋਂ ਪੀਰ, ਪੈਗੰਬਰ, ਵਲੀ, ਔਲੀਏ, ਭਗਤ, ਸੰਤ, ਸਤਿਗੁਰੂ ਇਸ ਪੱਖ ਤੇ ਵਿਚਾਰਾਂ ਕਰਦੇ ਰਹੇ ਅਤੇ ਕਰ ਰਹੇ ਹਨ। ਪ੍ਰੰਤੂ ਇਸ ਬਾਰੇ ਜਾਣ ਨਾ ਸਕੇ। ਜੇ ਕਿਸੇ ਨੇ ਕਿਧਰੇ ਜਾਣ ਵੀ ਲਿਆ ਤਾਂ ਉਹ ਉਨ੍ਹਾਂ ਨੇ ਕਿਸੇ ਨੂੰ ਨਹੀਂ ਦੱਸਿਆ।

ਸੂਬਾ ਸੁਰਿੰਦਰ ਕੌਰ ਖਰਲ ਜੀ ਨੇ ਸਾਰੀ ਉਮਰ ਜੀਵਨ ਸੰਘਰਸ਼ ਕੀਤਾ ਅਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਹਾਸਲ ਕਰਨ ਲਈ ਅੱਡੀ ਚੋਟੀ ਦਾ ਤਾਣ ਲਗਾਇਆ ਅਤੇ ਫਿਰ ਸਮੇਂ ਸਮੇਂ ਉਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਤਿਗੁਰੂ ਉਦੈ ਸਿੰਘ ਜੀ ਦੀਆਂ ਖੁਸ਼ੀਆਂ ਹਾਸਲ ਕੀਤੀਆਂ ਉਹ ਖੁਸ਼ੀਆਂ ਸਿਰਫ ਉਨ੍ਹਾਂ ਨੇ ਹੀ ਨਹੀਂ ਸਗੋਂ ਉਨ੍ਹਾਂ ਦੇ ਪਤੀ ਦੇ ਵਾਹਨਾਂ ਦੇ ਸੰਤ ਭਗਵੰਤ ਸਿੰਘ ਨੇ ਵੀ ਹਾਸਲ ਕੀਤੀਆਂ। ਬੀਬੀ ਜੀ ਨੇ ਜੇ ਕਦੇ ਖੋਜ ਕਰਨ ਜਾਂ ਫਿਰ ਪੇਪਰ ਪੜ੍ਹਨ ਦਿੱਲੀ, ਸ੍ਰੀ ਅੰਮ੍ਰਿਤਸਰ, ਪਟਿਆਲਾ ਜਾਂ ਚੰਡੀਗੜ੍ਹ ਜਾਣਾ ਤਾਂ ਸੰਤ ਭਗਵੰਤ ਸਿੰਘ ਉਨ੍ਹਾਂ ਦੇ ਨਾਲ ਜਾਇਆ ਕਰਦੇ ਸਨ। ਬੀਬੀ ਸੁਰਿੰਦਰ ਕੌਰ ਨੂੰ ਸਫ਼ਰ ਵਿੱਚ ਹਰ ਪ੍ਰਕਾਰ ਦਾ ਸਾਥ ਦਿਆ ਕਰਦੇ ਸਨ।

ਹੋਸ਼ ਸੰਭਾਲਦਿਆਂ ਹੀ ਬਚਪਨ ਤੋਂ ਹੀ ਗੁਰਮੁਖਾਂ ਵਾਲਾ ਜੀਵਨ ਜਿਉਣ ਦੀ ਜਾਂਚ ਅਤੇ ਪ੍ਰੇਰਨਾ ਘਰ ਵਿੱਚੋਂ ਹੀ ਪ੍ਰਾਪਤ ਹੋ ਗਈ ਸੀ। ਉਨ੍ਹਾਂ ਦਾ ਜਨਮ ਜਨਵਰੀ 1952 ਵਿੱਚ ਬੰਬਈ ਸ਼ਹਿਰ ਵਿਚ ਹੋਇਆ ਸੀ ਅਤੇ ਬਚਪਨ ਦੇ ਕੁਝ ਸਾਲ ਉੱਥੇ ਹੀ ਬੀਤੇ ਸਨ। ਘਰ ਵਿੱਚ ਸਤਿਗੁਰੂ ਜੀ ਦਾ ਚਰਨ ਪਾਉਣ ਅਤੇ ਸਾਧ ਸੰਗਤ ਦਾ ਆਉਣ-ਜਾਣ ਤੇ ਲੋਹ ਲੰਗਰ ਦੇ ਤਪਦੇ ਰਹਿਣ ਦਾ ਪ੍ਰਭਾਵ ਉਨ੍ਹਾਂ ਦੇ ਬਾਲਪਨ ਤੇ ਪਿਆ ਅਤੇ ਬੀਬੀ ਜੀ ਸੁਘੜ ਲੇਖਿਕਾ ਬਣ ਗਏ।

ਉਨ੍ਹਾਂ ਨੇ ਵਿੱਦਿਆ ਵਿੱਦਿਅਕ ਯੋਗਤਾ ਐਮ ਏ ਹਿਸਟਰੀ ਤੱਕ ਪ੍ਰਾਪਤ ਕੀਤੀ ਅਤੇ ਫੇਰ ਇਹ ਯੋਗਤਾ ਉਨ੍ਹਾਂ ਦੇ ਲੇਖਣ ਕਾਰਜ ਵਿਚ ਕੰਮ ਆਈ ਅਤੇ ਉਸ ਇਤਿਹਾਸਕ ਯੋਗਤਾ ਨੇ ਉਨ੍ਹਾਂ ਦੇ ਕਈ ਇਤਿਹਾਸਕ ਕਾਰਜ ਰਾਸ ਕੀਤੇ ਅਤੇ ਉਨ੍ਹਾਂ ਨੂੰ ਨਾਮਧਾਰੀ ਇਤਿਹਾਸ ਦੀ ਸਫ਼ਲ ਲੇਖਕਾ ਬਣਾ ਦਿੱਤਾ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਰਖੂ ਅੱਖ ਨੇ ਬੀਬੀ ਸੁਰਿੰਦਰ ਕੌਰ ਦੀ ਯੋਗਤਾ ਅਤੇ ਸਤਿਗੁਰੂ ਜੀ ਪ੍ਰਤੀ ਸਮਰਪਣ ਭਾਵਨਾ ਨੂੰ ਦੇਖਿਆ ਤਾਂ ਬੀਬੀ ਨੂੰ ਅਪਾਰ ਪਿਆਰ ਬਖ਼ਸ਼ਿਆ ਅਤੇ ਉਸ ਨੂੰ ਨਦਰੀ-ਨਦਰ ਨਿਹਾਲ ਕਰ ਦਿੱਤਾ। ਸਤਿਗੁਰੂ ਜੀ ਨੇ ਉਨ੍ਹਾਂ ਦੀ ਯੋਗਤਾ ਨੂੰ ਹੋਰ ਚਮਕਾਉਣ ਲਈ ਜਿੰਮੇਵਾਰੀਆਂ ਦਾ ਘੇਰਾ ਵਧਾਇਆ ਅਤੇ ਅਪ੍ਰੈਲ 1994 ਵਿੱਚ ਪੰਥ ਦਾ ਸੂਬਾ ਥਾਪਿਆ ਅਤੇ ਬੀਬੀ ਨੂੰ ਸੂਬਾ ਥਾਪ ਕੇ ਉਸਦਾ ਪੰਥ ਵਿੱਚ ਕੱਦ (ਬੁੱਤ) ਹੋਰ ਵੱਡਾ ਕਰ ਦਿੱਤਾ। ਫੇਰ ਉਸ ਨੂੰ 1991-95 ਈਸਵੀ ਤੱਕ ਸਰਬ ਹਿੰਦ ਵਿੱਦਿਅਕ ਜਥਾ ਇਸਤਰੀ ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ।

ਭਾਵੇਂ ਉਸ ਨੇ ਲਿਖਣ ਕਾਰਜ ਦੀ ਪ੍ਰਕਿਰਿਆ 1966 ਈਸਵੀ ਵਿੱਚ ਸ਼ੁਰੂ ਕਰ ਦਿੱਤੀ ਸੀ। ਪ੍ਰੰਤੂ ਬੀਬੀ ਜੀ ਨੇ 1991 ਤੋਂ 1995 ਦੇ ਸਮੇਂ ਵਿੱਚ ਆਪਣੇ ਲਿਖਣ ਕਾਰਜ ਨੂੰ ਹੋਰ ਪ੍ਰਚੰਡ ਕੀਤਾ ਅਤੇ ਉਹ ਸਫ਼ਲ ਲੇਖਕਾ ਸਥਾਪਤ ਹੋ ਗਈ। ਬੀਬੀ ਸੁਰਿੰਦਰ ਕੌਰ ਕਈ ਸਾਹਿਤਕ ਸੰਸਥਾਵਾਂ ਦੀ ਮੈਂਬਰ ਬਣੀ ਅਤੇ ਫਿਰ ਅਨੇਕ ਸਾਹਿਤਕ ਮਾਣ ਸਨਮਾਨ ਪ੍ਰਾਪਤ ਕੀਤੇ। ਉਨ੍ਹਾਂ ਨੇ ਸਾਹਿਤ ਦੇ ਹਰ ਖੇਤਰ ਵਿੱਚ ਸਫ਼ਲ ਕਲਮ ਅਜ਼ਮਾਈ ਕੀਤੀ ਸੀ ਅਤੇ ਸਾਧ ਸੰਗਤ ਤੇ ਦੂਰ-ਦੁਰੇਡੇ ਦੇ ਪਾਠਕਾਂ ਤੋਂ ਪ੍ਰਸੰਸਾ ਪ੍ਰਾਪਤ ਕਰਦੀ ਰਹੀ ਸੀ। ਬੀਬੀ ਸੁਰਿੰਦਰ ਕੌਰ ਨੇ ਕਹਾਣੀ ਕਵਿਤਾ ਲੇਖ ਜੀਵਨੀਆਂ ਸ਼ਹੀਦਾਂ ਦਾ ਇਤਿਹਾਸ ਬਾਲ ਸਾਹਿਤ ਸਫ਼ਰਨਾਮੇ ਵੱਖ-ਵੱਖ ਖੇਤਰਾਂ ਵਿੱਚ ਕਲਮ ਅਜ਼ਮਾਈ ਕਰਕੇ ਸਤਿਗੁਰਾਂ ਦੀ ਪ੍ਰਸੰਸਾ ਹਾਸਲ ਕੀਤੀ ਅਤੇ ਉਨ੍ਹਾਂ ਦੀ ਕ੍ਰਿਪਾ ਦੇ ਪਾਤਰ ਬਣੇ ਉਨ੍ਹਾਂ ਨੇ ਯੂਨੀਵਰਸਿਟੀਆਂ ਦੇ ਸੈਮੀਨਾਰਾਂ ਲਈ ਵੀ ਵੱਖ-ਵੱਖ ਖੋਜ

ਪੱਤਰ ਤਿਆਰ ਕੀਤੇ।

ਉਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ਾਂ ਨੂੰ ਇਕੱਤਰ ਕਰਕੇ ਲੜੀਵਾਰ ਜਗ ਬਾਣੀ ਅਖਬਾਰ ਵਿੱਚ ਛਪਵਾਇਆ ਸੀ। ਜਿਨ੍ਹਾਂ ਨੂੰ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕਰਨਾ ਸਮੇਂ ਦੀ ਪ੍ਰਮੁੱਖਤਾ ਹੈ। ਇਹ ਛੇਤੀ ਹੀ ਪਾਠਕਾਂ ਕੋਲ ਪਹੁੰਚਣੇ ਚਾਹੀਦੇ ਹਨ। ਭਾਵੇਂ ਉਨ੍ਹਾਂ ਨੇ ਨਾਮਧਾਰੀ ਗੁਰੂ ਸਾਹਿਬਾਨ ਨੂੰ ਬੜੀ ਸ਼ਿੱਦਤ ਅਤੇ ਲਗਨ ਨਾਲ ਖੋਜ ਕੇ ਲਿਖਿਆ ਸੀ। ਪ੍ਰੰਤੂ ਉਨ੍ਹਾਂ ਦੇ ਸ਼ਹੀਦਾਂ ਸਿੰਘਾਂ ਪ੍ਰਤੀ ਕੀਤੇ ਕਾਰਜਾਂ ਨੂੰ ਸਦਾ ਲਈ ਪੰਥ ਵਿੱਚ ਯਾਦ ਕੀਤਾ ਜਾਂਦਾ ਰਹੇਗਾ।

ਬੀਬੀ ਸੁਰਿੰਦਰ ਕੌਰ ਜੀ ਨੇ ਸਭ ਤੋਂ ਵੱਧ ਵਧੇਰੇ ਲਗਨ ਤੇ ਚਾਓ ਸ਼ਹੀਦਾਂ ਦੀ ਲਿਸਟ ਲੱਭਣ ਅਤੇ ਉਨ੍ਹਾਂ ਦੇ ਨਾਂਵਾਂ ਥਾਂਵਾਂ ਦੀ ਨਿਸ਼ਾਨਦੇਹੀ ਤੇ ਕਾਰਜ ਕੀਤਾ ਸੀ ਜੋ ਪ੍ਰਸੰਸਾਯੋਗ ਹੈ।

ਭਾਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਜਦੋਂ ਸਤਿਜੁਗ ਅਖ਼ਬਾਰ ਦੀ ਪ੍ਰਕਾਸ਼ਨਾ ਆਰੰਭ ਹੋਈ ਸੀ। ਨਾਮਧਾਰੀ ਸ਼ਹੀਦਾਂ ਬਾਰੇ ਖੋਜ ਕਰਕੇ ਲੇਖ ਪ੍ਰਕਾਸ਼ਿਤ ਹੋਣੇ ਸ਼ੁਰੂ ਹੋ ਗਏ ਸਨ। ਪ੍ਰੰਤੂ ਫਿਰ ਵੀ ਬਹੁਤ ਸਾਰੇ ਸ਼ਹੀਦਾਂ ਦੇ ਪਰਿਵਾਰ ਆਪਣੇ ਬਜ਼ੁਰਗਾਂ ਦੀਆਂ ਕੁਰਬਾਨੀਆਂ ਭੁੱਲ ਗਏ ਸਨ ਅਤੇ ਖੁੱਲਿਆਂ ਵਿਚ ਤਬਦੀਲ ਹੋ ਗਏ ਸਨ। ਉਨ੍ਹਾਂ ਨੂੰ ਗੁਰੂ ਘਰ ਵੱਲ ਮੋੜ ਲਈ ਬੀਬੀ ਸੁਰਿੰਦਰ ਨੇ ਹੰਭਲਾ ਮਾਰਿਆ। ਸਤਿਗੁਰੂ ਜਗਜੀਤ ਸਿੰਘ ਜੀ ਤੋਂ ਆਗਿਆ ਲੈ ਕੇ ਆਪਣੇ ਪਤੀ ਦੇਵ ਸੰਤ ਭਗਵੰਤ ਸਿੰਘ ਨੂੰ ਨਾਲ ਲੈ ਕੇ ਸਤਿਗੁਰਾਂ ਦੀ ਆਸ਼ੀਰਵਾਦ ਲੈ ਕੇ ਸ਼ਹੀਦਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਬਿਖੜੇ ਰਾਹਾਂ ਤੇ ਤੁਰ ਪਈ।

ਉਨ੍ਹਾਂ ਨੇ ਸ਼ਹੀਦਾਂ ਦੇ ਪਰਿਵਾਰ ਤੱਕ ਪਹੁੰਚਣ ਲਈ ਅਤੇ ਉਨ੍ਹਾਂ ਦੀ ਢੂੰਡ ਭਾਲ ਕਰਨ ਲਈ ਆਵਾਜਾਈ ਦੇ ਸਾਧਨ ਪ੍ਰਾਪਤ ਕਰਨ ਲਈ ਜੋੜ-ਤੋੜ ਕਰਨੇ ਪੈਂਦੇ ਸਨ। ਕਈ ਪਰਿਵਾਰ ਆਪਣੇ ਪੁਰਖਾਂ ਦਾ ਇਤਿਹਾਸ ਵਿਸਰ ਗਏ ਸਨ ਬੀਬੀ ਸੁਰਿੰਦਰ ਉਨ੍ਹਾਂ ਨੂੰ ਲੱਭ ਕੇ ਸਤਿਗੁਰਾਂ ਕੋਲ ਲਿਆਉਂਦੀ ਤੇ ਸਤਿਗੁਰਾਂ ਦੀਆਂ ਖੁਸ਼ੀਆਂ ਹਾਸਲ ਕਰਦੀ। ਉਨ੍ਹਾਂ ਦੇ ਯਤਨਾਂ ਸਦਕਾ ਕਈ ਸ਼ਹੀਦੀ ਪਰਿਵਾਰਾਂ ਨੂੰ ਮੁੜ ਨਾਮਧਾਰੀ ਸਿੰਘ ਸਜਾਇਆ ਗਿਆ। ਬੀਬੀ ਜੀ ਦੇ ਯਤਨਾਂ ਸਦਕਾ ਸ਼ਹੀਦਾਂ ਦੀਆਂ ਯਾਦਗਾਰਾਂ ਨੂੰ ਉਸਾਰਿਆ ਗਿਆ। ਫਿਰ ਮਲਵਿੰਦਰਜੀਤ ਸਿੰਘ ਦੇ ਸਹਿਯੋਗ ਨਾਲ ਪੰਜਾਬ ਆਰਕਾਈਵਜ਼ ਪਟਿਆਲਾ ਚੋਂ ਸ਼ਹੀਦਾਂ ਦੀ ਲਿਸਟ ਦੀ ਖੋਜ ਕਰਕੇ ਸ਼ਹੀਦਾਂ ਬਾਰੇ ਪੁਸਤਕ ਤਿਆਰ ਕੀਤੀ ਗਈ।

ਉਨ੍ਹਾਂ ਦੀ ਆਖ਼ਰੀ ਪੁਸਤਕ ਜੋ ਪ੍ਰਕਾਸ਼ਤ ਹੋਈ ਸੀ। ਉਸ ਦਾ ਸਿਰਲੇਖ ਲੁਕਿਆ ਸੱਚ ਸੀ। ਜਿਸ ਵਿਚ ਉਨ੍ਹਾਂ ਪੰਜਾਬ ਆਰਕਾਈਵਜ਼ ਵਿੱਚੋਂ ਸਰਕਾਰੀ ਦਸਤਾਵੇਜ਼ ਜੋ ਉਰਦੂ ਤੇ ਫ਼ਾਰਸੀ ਵਿੱਚ ਸਨ ਉਨ੍ਹਾਂ ਨੂੰ ਪੰਜਾਬੀ ਵਿੱਚ ਪ੍ਰਕਾਸ਼ਿਤ ਕਰਵਾਇਆ ਸੀ। ਉਨ੍ਹਾਂ ਦਾ ਇਹ ਸ਼ਲਾਘਾਯੋਗ ਕਾਰਜ ਸੀ। ਜਿਸ ਨਾਲ ਉਨ੍ਹਾਂ ਦਾ ਨਾਮ ਭਾਈ ਨਾਹਰ ਸਿੰਘ ਖੋਜੀ ਦੀ ਕਤਾਰ ਵਿੱਚ ਆ ਗਿਆ ਹੈ।

ਉਨ੍ਹਾਂ ਦੀ ਬੇਵਕਤ ਅਕਾਲ ਚਲਾਣੇ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੇ ਸੰਤ ਕੁਝ ਢਿੱਲੇ ਹੋ ਗਏ ਸਨ। ਪ੍ਰੰਤੂ ਬੀਬੀ ਸੁਰਿੰਦਰ ਨੇ ਦਿਨ-ਰਾਤ ਸੰਤ ਭਗਵੰਤ ਸਿੰਘ ਦੀ ਸੇਵਾ ਕਰ ਕੇ ਉਸ ਨੂੰ ਨਿਰੋਗ ਕਰ ਦਿੱਤਾ। ਪ੍ਰੰਤੂ ਕੁਝ ਸਮੇਂ ਬਾਅਦ ਬੀਬੀ ਜੀ ਆਪ ਢਿੱਲੇ ਹੋ ਗਏ ਅਤੇ ਠੀਕ ਨਾ ਹੋ ਸਕੇ ਅਤੇ ਸਦਾ ਲਈ ਸਤਿਗੁਰਾਂ ਦੀ ਗੋਦ ਵਿੱਚ ਜਾ ਬਿਰਾਜੇ ਮੇਰੀ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਹੈ। ਵਿੱਛੜੀ ਆਤਮਾ ਨੂੰ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਅਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

.......................................................

## ਬਸ ਤੂੰ ਹੀ ਤੂੰ

ਤੇਰੇ ਅਥਾਹ ਡੂੰਘੇ ਸਮੁੰਦਰ ਜਿਹੇ ਨੈਣਾਂ ’ਚ
ਮੈਨੂੰ ਸਾਰਾ ਬ੍ਰਹਿਮੰਡ ਨਜ਼ਰ ਆਉਂਦਾ ਹੈ !
ਤੇਰੇ ਹੋਠਾਂ 'ਚੋਂ ਨਿਕਲੇ ਸ਼ਬਦਾਂ ਦਾ ਹਰ ਫੁੱਲ,
ਜੀਅ ਕਰਦੈ ਆਪਣੀ ਝੋਲੀ ’ਚ ਸਮੇਟ ਲਵਾਂ
ਤੇ ਸੁਗੰਧੀ ਬਿਖੇਰਨ ਲਈ ਚੁਣ ਚੁਣ ਕੇ,
ਕਾਗਜ਼ਾਂ ਉਤੇ ਸਜਾ ਦੇਵਾਂ।
ਤੇਰਾ ਦੀਦਾਰ ਕਰ
ਬੇਖ਼ੌਫ਼ ਬੇਫ਼ਿਕਰ ਆਪਾ ਖਿੜ ਖਿੜ ਉਠਦਾ ਹੈ।
ਇਕਾਂਤ ਦੇ ਲਮਿਆਂ ਵਿਚ ਤੇਰਾ ਸਿਮਰਨ
ਰੂਹ ਨਸ਼ਿਆ ਜਾਂਦਾ ਹੈ।
ਤੇਰੇ ਚਰਨ-ਸਪਰਸ਼ ਮਾਣਦਾ ਹੈ ਜਦ ਵੀ ਮਸਤਕ
ਜਾਪਦੈ ਹੁਣੇ ਤੀਜੀ ਅੱਖ ਖੁੱਲ੍ਹ ਜਾਵੇਗੀ।
ਜਾਗਦੀਆਂ ਅੱਖਾਂ ਦਾ ਸੁਪਨਾ ਹੈ ਜੋ,
ਸਭ ਝੂਠ ਹੈ
ਮੇਰੇ ਲਈ ਤਾਂ ਬਸ ਹੁਣ
ਤੂੰ ਹੀ ਤੂੰ ਹੈਂ
ਤੂੰ ਹੀ ਤੂੰ, ਬਸ ਤੂੰ ਹੀ ਤੂੰ।

**ਸੂਬਾ ਸੁਰਿੰਦਰ ਕੌਰ ‘ਖਰਲ’**

.......................................................

# ਸ਼ਰਧਾ, ਸਾਧਨਾ ਅਤੇ ਸਮਰਪਣ ਦੀ ਤ੍ਰਿਮੂਰਤੀ ਸੂਬਾ ਸੁਰਿੰਦਰ ਕੌਰ 'ਖਰਲ'



**ਹਰਪਾਲ ਸਿੰਘ ਸੇਵਕ**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਿਹਰ ਨਦਰ ਦੀ ਸੁਪਾਤਰ, ਨਿੱਤਨੇਮੀ ਅਤੇ ਗੁਰਮੁੱਖੀ ਜੀਵਨ-ਜਾਚ ਦੀ ਧਾਰਣੀ, ਸੁਹਜ-ਸਾਦਗੀ, ਸੂਰਤ ਅਤੇ ਸੀਰਤ ਦੀ ਦੇਵੀ, ਉੱਜਲ ਦੀਦਾਰ, ਨਿਰਮਲ ਬੁੱਧ, ਆਦਰਸ਼-ਸੁਆਣੀ, ਜੋ ਗੁਰੂ ਜੱਸ ਲਿਖਣ ਦੇ ਪਵਿੱਤਰ ਕਾਰਜਾਂ ਨੂੰ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਵੱਧ ਅਹਿਮੀਅਤ ਦੇਣ ਵਾਲੀ ਅਣਥੱਕ ਅਤੇ ਸਿਰੜੀ ਲੇਖਿਕਾ ਸੂਬਾ ਸੁਰਿੰਦਰ ਕੌਰ ਖਰਲ ਨਾਮਧਾਰੀ ਪੰਥ ਵਿੱਚ ਕਿਸੇ ਜਾਣ-ਪਹਿਚਾਣ ਦੀ ਮੁਥਾਜ਼ ਨਹੀਂ ਜਿਸਨੇ ਆਪਣੇ ਸੱਤ ਦਹਾਕਿਆਂ ਦੇ ਜੀਵਨ ਦੇ ਅੱਧਿਓਂ ਵੱਧ ਵਰ੍ਹੇ ਨਾਮਧਾਰੀ ਪੰਥ ਦੇ ਇਤਿਹਾਸ ਬਾਰੇ ਖੋਜ ਕਰਨ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਲਿਖਣ ਕਾਰਜਾਂ ਨੂੰ ਸਮਰਪਿਤ ਕੀਤੇ। ਨਾਮਧਾਰੀ ਪੰਥ ਦੀ ਇਹ ਮਹੱਤਵਪੂਰਨ ਲੇਖਿਕਾ ਪਿਛਲੇ ਦਿਨੀਂ 30 ਮਈ 2021 ਨੂੰ ਕੋਰੋਨਾ ਮਹਾਂਮਾਰੀ ਨਾਲ ਜੂਝਦਿਆਂ ਪੂਰੀ ਹੋ ਗਈ। ਸੂਬਾ ਸੁਰਿੰਦਰ ਕੌਰ ਜੀ ਦੇ ਅਚਾਨਕ ਅਕਾਲ-ਚਲਾਣਾ ਕਰਨ ਨਾਲ ਨਾਮਧਾਰੀ ਲੇਖਕ ਵਰਗ ਵਿੱਚ ਇੱਕ ਹੋਰ ਖਲਾਅ ਪੈਦਾ ਹੋ ਗਿਆ ਹੈ।

ਪਿਤਾ ਸ. ਗੁਰਚਰਨ ਸਿੰਘ ਅਤੇ ਮਾਤਾ ਗੁਰਦੇਵ ਕੌਰ ਦੇ ਗ੍ਰਹਿ ਵਿਖੇ ਸੰਨ 1952 ਈ. ਨੂੰ ਬੀਬੀ ਸੁਰਿੰਦਰ ਕੌਰ ਦਾ ਜਨਮ ਹੋਇਆ। ਆਪ ਦੇ ਪਿਤਾ ਬੰਬਈ ਵਿਖੇ ਕਲਿੰਗ ਏਅਰਵੇਜ਼ ਵਿੱਚ ਗਰਾਊਂਡ ਇੰਜੀਨੀਅਰ ਸਨ। ਇਸ ਲਈ ਆਪ ਨੇ ਮੁੱਢਲੀਆਂ ਤਿੰਨ ਕਲਾਸਾਂ ਦੀ ਪੜ੍ਹਾਈ ਬੰਬਈ ਵਿਖੇ ਹੀ ਕੀਤੀ। ਛੋਟੇ-ਛੋਟੇ ਦੋ ਪੁੱਤਰਾਂ ਅਤੇ ਦੋ ਧੀਆਂ ਨੂੰ ਛੱਡ ਕੇ ਆਪ ਦੇ ਪਿਤਾ ਅਚਾਨਕ ਚਲਾਣਾ ਕਰ ਗਏ। ਮਾਤਾ ਗੁਰਦੇਵ ਕੌਰ ਬੱਚਿਆਂ ਨੂੰ ਲੈ ਕੇ ਬਰਨਾਲਾ (ਪੰਜਾਬ) ਆਪਣੇ ਸ਼ਰੀਕੇ ਵਿੱਚ ਆ ਗਈ। ਮਾਤਾ ਗੁਰਦੇਵ ਕੌਰ ਨੇ ਹੌਂਸਲੇ ਅਤੇ ਹਿੰਮਤ ਨਾਲ ਸਾਰੇ ਬੱਚਿਆਂ ਨੂੰ ਉੱਚ ਵਿੱਦਿਆ ਦਿਵਾਈ। ਸੁਰਿੰਦਰ ਕੌਰ ਨੇ ਬਰਨਾਲੇ ਵਿਖੇ ਹੀ ਗਰੈਜੂਏਸ਼ਨ ਕਰਕੇ ਇਤਿਹਾਸ ਦੀ ਐਮ.ਏ. ਕੀਤੀ। ਕਾਲਜ ਟਾਈਮ ਤੋਂ ਹੀ ਆਪ ਨੂੰ ਕਵਿਤਾ ਕਹਾਣੀ ਅਤੇ ਲੇਖ ਲਿਖਣ ਦਾ ਸ਼ੌਕ ਪੈਦਾ ਹੋ ਗਿਆ। ਸਾਹਿਤਕ ਰੁਚੀਆਂ ਪੈਦਾ ਹੋਣ ਵਿੱਚ ਬਰਨਾਲੇ ਦੀ ਪੰਜਾਬੀ ਸਾਹਿਤ ਸਭਾ ਦਾ ਮਾਹੌਲ ਵੀ ਸਹਿਯੋਗੀ ਬਣਿਆ। ਆਪ ਦੇ ਪਿਤਾ ਸ. ਗੁਰਚਰਨ ਸਿੰਘ ਦੇ ਵੱਡੇ ਭਰਾ ਦੇ ਪੁੱਤਰ ਸ. ਪ੍ਰੀਤਮ ਸਿੰਘ ਰਾਹੀ ਜੀ ਬਰਨਾਲੇ ਦੇ ਪ੍ਰਸਿੱਧ ਸਾਹਿਤਕਾਰ ਹੋਏ ਹਨ। ਸ. ਗੁਰਚਰਨ ਸਿੰਘ ਆਪਣੇ ਜੀਵਨ ਦੇ ਮੁੱਢਲੇ ਵਰ੍ਹਿਆਂ 'ਚ ਸੰਤ ਕਰਮ ਸਿੰਘ ਜੀ ਹਿੰਮਤਪੁਰੇ ਵਾਲੇ ਬ੍ਰਹਮ ਗਿਆਨੀ ਸਾਧੂ ਦੇ ਗੜਵਈ ਵੀ ਰਹੇ ਅਤੇ ਮਾਤਾ ਗੁਰਦੇਵ ਕੌਰ ਵੀ ਨਾਮ ਬਾਣੀ ਦੇ ਨਿੱਤਨੇਮੀ ਸਨ। ਇਸ ਲਈ ਸੂਬਾ ਸੁਰਿੰਦਰ ਕੌਰ ਨੂੰ ਗੁਰਮਤਿ ਦੀ ਗੁੜਤੀ ਵਿਰਸੇ ਵਿੱਚ ਹੀ ਪ੍ਰਾਪਤ ਹੋ ਗਈ।

ਸੰਨ 1965 ਵਿੱਚ ਮਾਤਾ ਗੁਰਦੇਵ ਕੌਰ ਦੋਵੇਂ ਬੱਚੀਆਂ ਨੂੰ ਲੈ ਕੇ ਸ੍ਰੀ ਭੈਣੀ ਸਾਹਿਬ ਆਈ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਆਪਣੀ ਵੱਡੀ ਪੁੱਤਰੀ ਬਲਜੀਤ ਕੌਰ ਬਾਰੇ ਅਰਜ਼ ਕੀਤੀ ਕਿ ਪਾਤਸ਼ਾਹ ਜੀ ਇਨ੍ਹਾਂ ਬੱਚਿਆਂ ਦਾ ਪਿਤਾ ਨਹੀਂ ਰਿਹਾ। ਆਪ ਜੀ ਹੀ ਸਾਡੇ ਸਭ ਦੇ ਮਾਤਾ-ਪਿਤਾ ਹੋ, ਕੋਈ ਯੋਗ ਵਰ ਵੇਖ ਕੇ ਇਸ ਬੱਚੀ ਦਾ ਅਨੰਦ ਕਾਰਜ ਕਰ ਦਿਉ। ਉਸ ਸਮੇਂ ਸ੍ਰੀ ਸਤਿਗੁਰੂ ਜੀ ਦੇ ਪਾਸ ਹੀ ਸ. ਕੇਹਰ ਸਿੰਘ ਜੀ (ਡਹਿਰ ਵਾਲੇ) ਖੜੇ ਸਨ। ਜਿਨ੍ਹਾਂ ਦਾ ਰੋਪੜ ਵਿਖੇ ਕਾਰੋਬਾਰ ਸੀ। ਸਤਿਗੁਰੂ ਸੱਚੇ ਪਾਤਸ਼ਾਹ ਬਚਨ ਕੀਤਾ "ਸਰਦਾਰ ਜੀ, ਐਹ ਦੋਵੇਂ ਬੱਚੀਆਂ ਆਪਣੀਆਂ ਹਨ, ਤੁਸੀਂ ਨੂੰਹਾਂ ਬਣਾ ਕੇ ਆਪਣੇ ਘਰ ਲਿਜਾਣੀਆਂ ਹਨ।" ਸਰਦਾਰ ਕੇਹਰ ਸਿੰਘ ਜੀ ਨੇ ਧੰਨ ਭਾਗ ਜਾਣ ਸੱਤ ਬਚਨ ਕੀਤਾ। ਵੱਡੀ ਪੁੱਤਰੀ ਬਲਜੀਤ ਕੌਰ ਦਾ ਅਨੰਦ ਬਖਸ਼ੀਸ਼ ਸਿੰਘ ਨਾਲ ਅਤੇ 1972 ਵਿੱਚ ਸੁਰਿੰਦਰ ਕੌਰ ਦਾ ਅਨੰਦ ਸ. ਕੇਹਰ ਸਿੰਘ ਜੀ ਦੇ ਛੋਟੇ ਸਪੁੱਤਰ ਸ. ਭਗਵੰਤ ਸਿੰਘ ਨਾਲ ਹੋਇਆ।

ਸ. ਕੇਹਰ ਸਿੰਘ ਜੀ ਗੁਰੂ ਚਰਨਾਂ ਦੇ ਸ਼ਰਧਾਲੂ ਅਤੇ ਪ੍ਰੀਤਵਾਨ ਗੁਰਸਿੱਖ ਸਨ ਆਪ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਪਰਸਨ ਦਾ ਭਰਪੂਰ ਅਨੰਦ ਮਾਣਿਆ ਆਪ ਦੇ ਵਡੇਰੇ ਅਠਾਰ੍ਹਵੀਂ ਸਦੀ ਵਿੱਚ ਡਹਿਰ ਤੋਂ ਕੂਚ ਕਰਕੇ 35 ਚੱਕ ਲਾਇਲਪੁਰ ਜਾ ਵੱਸੇ ਸਨ। ਆਪ ਦੇ ਦਾਦਾ ਬਾਬਾ ਠਾਕੁਰ ਸਿੰਘ ਨੂੰ ਨਾਮ ਦੀ ਅਮੋਲਕ ਦਾਤ ਅਤੇ ਗੁਰਸਿੱਖੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਤੋਂ ਪ੍ਰਾਪਤ ਹੋਈ ਆਪ ਦੇ ਪਿਤਾ ਸਰਦਾਰ ਤੁਲਸਾ ਸਿੰਘ ਦੇਸ਼ ਵੰਡ ਤੋਂ ਪਹਿਲਾਂ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਵਾਪਸ ਡਹਿਰ ਆ ਗਏ ਅਤੇ ਫੇਰ ਸਰਦਾਰ ਕੇਹਰ ਸਿੰਘ ਜੀ ਨੇ ਪਰਿਵਾਰ ਸਮੇਤ ਰੋਪੜ ਵਿਖੇ ਨਾਮਧਾਰੀ ਇੰਜਨੀਅਰਿੰਗ ਵਰਕਸ ਨਾਂ ਦੀ ਵਰਕਸ਼ਾਪ ਬਣਾ ਲਈ ਅਤੇ ਰੋਪੜ ਵਿਖੇ ਨਿਵਾਸ ਲੈ ਆਂਦਾ ਡੈਹਰ ਦੇ ਇਕ ਨਾਮੀ ਡਾਕੂ ਗੁਰਬਖ਼ਸ਼ ਸਿੰਘ ਵੀ ਸੰਤ ਕੇਹਰ ਸਿੰਘ ਜੀ ਦੀ ਸੰਗਤ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨੀਂ ਲੱਗ ਦੇਵਤੇ ਬਣ ਗਏ। ਜਿਨ੍ਹਾਂ ਨੂੰ ਬਾਅਦ ਵਿੱਚ ਵੱਡ ਪ੍ਰਤਾਪੀ ਜੀ ਨੇ 'ਸੂਬਾ' ਥਾਪਿਆ। ਸੰਤ ਕੇਹਰ ਸਿੰਘ ਜੀ ਦਾ ਘਰ ਅਤੇ ਵਰਕਸ਼ਾਪ ਵੀ ਗੁਰਸਿੱਖੀ ਪ੍ਰਚਾਰ ਦਾ ਧੁਰਾ ਹੋਇਆ ਕਰਦਾ ਸੀ। ਆਪ ਜਥੇਦਾਰਾਂ ਨੂੰ ਸੱਦ ਕੇ 15-15 ਦਿਨ ਰੋਪੜ ਵਿਖੇ ਦੀਵਾਨ ਲਵਾਂਉਂਦੇ। ਸ੍ਰੀ ਸਤਿਗੁਰੂ ਜੀ ਦੇ ਮੇਲੇ ਕਰਵਾਉਂਦੇ। ਆਪ ਦੀ ਅਰਜ਼ ਪ੍ਰਵਾਨ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1954 ਈ. ਦਾ ਜਪ-ਪ੍ਰਯੋਗ ਰੋਪੜ ਵਿਖੇ ਕੀਤਾ, ਸਵਾ ਮਹੀਨਾ ਮੇਲਾ ਬਣਿਆ ਰਿਹਾ। ਆਪ ਦੇ ਸੁਯਤਨਾਂ ਸਦਕਾ ਰੋਪੜ ਵਿਖੇ 35 ਪਰਿਵਾਰ ਨਾਮਧਾਰੀ ਸਿੱਖਾਂ ਦੇ ਹੋ ਗਏ। ਕਰੀਬ 1966-67 ਵਿੱਚ ਆਪ ਦੇ ਅਰਜ਼ ਕਰਨ ਤੇ ਰੋਪੜ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦਿੱਤੇ। ਸ. ਕੇਹਰ ਸਿੰਘ ਜੀ ਨੇ ਬੈਂਡ ਵਾਜਿਆਂ ਨਾਲ ਸਤਿਗੁਰੂ ਜੀ ਦੇ ਸਵਾਗਤ ਦਾ ਪ੍ਰਬੰਧ ਕੀਤਾ। ਸਜੇ-ਧਜੇ ਹਾਥੀ ਉੱਪਰ ਹੌਦੇ ਵਿੱਚ ਸਤਿਗੁਰੂ ਸੱਚੇ ਪਾਤਸ਼ਾਹ ਬਿਰਾਜਮਾਨ ਹੋਏ, ਨਗਰ ਕੀਰਤਨ ਦੇ ਰੂਪ ਵਿੱਚ ਸ੍ਰੀ ਸਤਿਗੁਰੂ ਜੀ ਨੇ ਕ੍ਰਿਸ਼ਨਾ ਮੰਦਰ 'ਚ ਦਰਸ਼ਨ ਦਿੱਤੇ। ਸਰਦਾਰ ਜੀ ਨੂੰ ਮੰਦਰ ਦੇ ਪੁਜਾਰੀ ਪੰਡਤ ਅਮਰਨਾਥ ਜੀ ਨੇ ਦੱਸਿਆ ਕਿ ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਭਗਵਾਨ ਕ੍ਰਿਸ਼ਨ ਦੇ ਰੂਪ ਵਿੱਚ ਦਰਸ਼ਨ ਦਿੱਤੇ ਹਨ। ਸੂਬਾ ਸੁਰਿੰਦਰ ਕੌਰ ਬਾਰੇ ਲਿਖਦਿਆਂ ਆਪ ਦੇ ਸਹੁਰਾ ਪਰਿਵਾਰ ਬਾਰੇ ਸੰਖੇਪ ਜਿਹੀ ਜਾਣਕਾਰੀ ਪਾਠਕਾਂ ਨਾਲ ਇਸ ਲਈ ਸਾਂਝੀ ਕੀਤੀ ਹੈ ਕਿ ਇਸ ਟਕਸਾਲੀ ਨਾਮਧਾਰੀ ਪਰਿਵਾਰ ਵਿਚ ਆ ਕੇ ਸੁਰਿੰਦਰ ਕੌਰ ਦੀ ਸਿੱਖੀ ਦੀ ਰੰਗਣ ਹੋਰ ਗੂੜ੍ਹੀ ਹੋ ਗਈ ਅਤੇ ਪੰਥਕ ਸੇਵਾ ਦਾ ਜਜ਼ਬਾ ਦੂਣ ਸਵਾਇਆ ਹੋ ਗਿਆ। ਆਪ ਦਾ ਸਾਹਿਤਕ ਸਫ਼ਰ ਕਵਿਤਾ ਕਹਾਣੀਆਂ ਅਤੇ ਬਾਲ ਸਾਹਿਤ ਤੋਂ ਆਰੰਭ ਹੋਇਆ। 'ਤ੍ਰਿਸ਼ਨਾ' ਕਹਾਣੀ ਸੰਗ੍ਰਹਿ, 'ਰੂਹ ਪੰਜਾਬ ਦੀ' ਜੀਵਨੀ ਮਹਾਰਾਣੀ ਜਿੰਦ ਕੌਰ ਮਹਾਂਬਲੀ ਰਣਜੀਤ ਸਿੰਘ ਅਤੇ ਵੱਡ ਪ੍ਰਤਾਪੀ ਸਤਿਗੁਰੂ ਆਦਿ ਬਾਲ ਸਾਹਿਤ ਦੀਆਂ ਪ੍ਰਮੁੱਖ ਵੰਨਗੀਆਂ ਹਨ। 1988 ਈ. ਵਿੱਚ ਜਦੋਂ ਸੁਰਿੰਦਰ ਕੌਰ ਨੇ ਆਪਣੀ ਪੁਸਤਕ 'ਤ੍ਰਿਸ਼ਨਾ' ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟ ਕੀਤੀ ਤਾਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਥਾਪੜੇ ਅਤੇ ਨਿਰਸ਼ਬਦ ਪ੍ਰੇਰਨਾ ਨੇ ਆਪ ਨੂੰ ਗੁਰੂ ਜੱਸ ਲਿਖਣ ਅਤੇ ਸ਼ਹੀਦਾਂ ਦੇ ਸ਼ਾਨਾਂਮੱਤੇ ਇਤਿਹਾਸ ਦੀ ਖੋਜ ਕਰਨ ਵੱਲ ਲਗਾ ਦਿੱਤਾ। 'ਇਹ ਲਾਲਚ ਹਉ ਗੁਨ ਤਉ ਉਚਰੋਂ' ਦਾ ਆਦਰਸ਼ ਹੀ ਜੀਵਨ ਦਾ ਉਦੇਸ਼ ਬਣ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵੱਖ-ਵੱਖ ਖੇਤਰਾਂ ਵਿੱਚ ਪਾਏ ਯੋਗਦਾਨ ਬਾਰੇ ਆਪ ਨੇ ਕਈ ਖੋਜ ਪੱਤਰ ਲਿਖੇ, ਸ੍ਰੀ ਸਤਿਗੁਰੂ ਜੀ ਦੀ ਆਗਿਆ ਅਤੇ ਬਖ਼ਸ਼ਿਸ਼ ਸਦਕਾ ਆਪਨੇ ਕਈ ਪੰਥਕ ਜ਼ਿੰਮੇਵਾਰੀਆਂ ਦੀ ਸੇਵਾ ਨਿਭਾਈ। 1991 ਤੋਂ 95 ਈ. ਤੱਕ ਆਪ 'ਵਿਸ਼ਵ ਨਾਮਧਾਰੀ ਇਸਤ੍ਰੀ ਵਿਦਿਅਕ ਜਥੇ' ਦੇ ਪ੍ਰਧਾਨ ਰਹੇ। 1992 ਵਿੱਚ 'ਕੂਕਾ ਸ਼ਹੀਦ ਯਾਦਗਾਰੀ ਟਰੱਸਟ' ਦੇ ਅਤੇ 1994 ਵਿੱਚ ਸ੍ਰੀ ਭੈਣੀ ਸਾਹਿਬ ਰਾਈਆਂ ਡਿਵੈਲਪਮੈਂਟ ਬੋਰਡ ਦੇ ਟਰੱਸਟੀ ਨਿਯੁਕਤ ਕੀਤੇ ਗਏ। 1994 ਈਸਵੀ ਦੇ ਵਿਸਾਖੀ ਦੇ ਮੇਲੇ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਨੂੰ ਸੂਬਾ ਥਾਪਣ ਦੀ ਬਖ਼ਸ਼ਿਸ਼ ਕੀਤੀ। ਨਾਮਧਾਰੀ ਪੰਥ ਵਿੱਚ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਬੀਬੀ ਹੁਕਮੀ ਨੂੰ ਸੂਬਾ ਥਾਪਣ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੀ ਬੀਬੀ ਸੁਰਿੰਦਰ ਕੌਰ ਖਰਲ ਨੂੰ ਸੂਬਾ ਥਾਪ ਕੇ ਇਸਤਰੀ ਜਾਤੀ ਨੂੰ ਮਾਣ ਅਤੇ ਪੰਥਕ ਸੇਵਾ ਦਾ ਸੁਭਾਗ ਬਖ਼ਸ਼ਿਆ। ਇਸ ਤੋਂ ਬਾਅਦ ਸੂਬਾ ਮਹਿੰਦਰ ਕੌਰ ਹੁਸ਼ਿਆਰਪੁਰ ਅਤੇ ਸੂਬਾ ਮਹਿੰਦਰ ਕੌਰ ਗਿਆਨਣ ਬੈਂਕਾਕ ਨੂੰ ਵੀ ਸੂਬਾ ਥਾਪਿਆ ਗਿਆ। ਵਰਤਮਾਨ ਸਤਿਗੁਰੂ, ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਵੀ ਕੁਝ ਨਾਮਧਾਰੀ ਸਿੰਘਣੀਆਂ ਨੂੰ ਸੂਬਾ ਥਾਪਣ ਦੀ ਕਿਰਪਾ ਕੀਤੀ ਹੈ।

ਸੂਬਾ ਸੁਰਿੰਦਰ ਕੌਰ ਨੇ ਸਤਿਗੁਰੂ ਸੱਚੇ ਪਾਤਸ਼ਾਹ ਵੱਲੋਂ ਮਿਲੀ ਪੰਥਕ ਸੇਵਾ ਦੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ। ਆਪ ਨੇ ਨਾਮਧਾਰੀ ਪੰਥ ਦੀ ਸਾਹਿਤਕ ਸੇਵਾ ਲਈ ਮੁੱਖ ਰੂਪ ਵਿੱਚ ਤਿੰਨ ਪਹਿਲੂਆਂ ਤੇ ਆਪਣੇ ਆਪ ਨੂੰ ਕੇਂਦਰਿਤ ਕੀਤਾ। ਪਹਿਲਾ : ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜੀਵਨੀ 'ਪ੍ਰਕਾਸ਼ ਪੁੰਜ, ਜਿਸ ਦੇ ਦੋ ਭਾਗ ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ ਤੀਸਰਾ ਭਾਗ ਦੀ ਪ੍ਰੈੱਸ ਕਾਪੀ ਉਹ ਤਿਆਰ ਕਰ ਰਹੇ ਸਨ ਜੋ ਕਰੀਬ ਸੰਪੂਰਨ ਹੋ ਚੁੱਕੀ ਸੀ।

ਦੂਸਰਾ : ਨਾਮਧਾਰੀ ਸ਼ਹੀਦਾਂ ਬਾਰੇ ਸਟੇਟ ਆਰਕਾਈਵਜ਼ 'ਚੋਂ ਦਸਤਾਵੇਜ਼ ਇੱਕਤਰ ਕਰਕੇ, ਉਰਦੂ, ਅਰਬੀ ਅਤੇ ਫ਼ਾਰਸੀ ਦੇ ਦਸਤਾਵੇਜ਼ ਜੋ ਸ਼ਾਹਮੁਖੀ ਲਿਪੀ ਵਿੱਚ ਹਨ, ਉਨ੍ਹਾਂ ਦਾ ਅਨੁਵਾਦ ਕਰਵਾਉਣਾ ਅਤੇ ਬਾ-ਤਰਤੀਬ ਕਰਕੇ ਸੰਪਾਦਿਤ ਕਰਨਾ। ਇਸ ਤੋਂ ਪਹਿਲਾਂ ਨੈਸ਼ਨਲ ਆਰਕਾਈਵਜ਼ 'ਚੋਂ ਅੰਗਰੇਜ਼ੀ ਵਿੱਚ ਸਰਕਾਰੀ ਰਿਕਾਰਡ ਤਾਂ ਮਹਾਰਾਜ ਗੁਰਦਿਆਲ ਸਿੰਘ ਤੋਂ ਲੈ ਕੇ ਸੰਤ ਨਿਧਾਨ ਸਿੰਘ ਆਲਮ, ਸ੍ਰ. ਨਾਹਰ ਸਿੰਘ ਐਮ.ਏ., ਸ. ਸਵਰਨ ਸਿੰਘ ਸਨੇਹੀ, ਸ. ਸੁਰਜੀਤ ਸਿੰਘ ਜੀਤ ਅਤੇ ਸ. ਜਸਵਿੰਦਰ ਸਿੰਘ

ਹਿਸਟੋਰੀਅਨ ਆਦਿ ਅਨੇਕਾਂ ਖੋਜੀਆਂ ਨੇ ਪੜ੍ਹਿਆ ਵਾਚਿਆ ਅਤੇ ਦਸਤਾਵੇਜ਼ੀ ਪੁਸਤਕਾਂ ਵੀ ਛਾਪੀਆਂ। ਪਰ ਪੰਜਾਬ ਦੇ ਰਜਵਾੜਿਆਂ ਦਾ ਖਤੋ-ਖਿਤਾਬ ਜੋ ਉਰਦੂ ਅਤੇ ਅਰਬੀ ਫ਼ਾਰਸੀ ਵਿੱਚ ਹੁੰਦਾ ਸੀ, ਉਹ ਕਿਸੇ ਨਾ ਫੋਲਿਆ। ਇਹੋ ਕਾਰਨ ਸੀ ਕਿ ਸ਼ਹੀਦੀ ਸਾਕਾ ਮਾਲੇਰਕੋਟਲਾ ਦੇ 18 ਜਨਵਰੀ 1872 ਨੂੰ ਸ਼ਹੀਦ ਕੀਤੇ ਗਏ, 16 ਸਿੰਘਾਂ ਦੇ ਨਾਮ ਤਾਂ ਸਰਕਾਰੀ ਰਿਕਾਰਡ ਵਿੱਚ ਮਿਲਦੇ ਹਨ। ਜਿਨ੍ਹਾਂ ਤੇ ਮੁਕੱਦਮਾ ਚਲਾ ਕੇ ਮੌਤ ਦੀ ਸਜ਼ਾ ਸੁਣਾਉਣ ਦਾ ਨਾਟਕ ਕੀਤਾ ਗਿਆ ਸੀ ਪਰ 17 ਜਨਵਰੀ ਨੂੰ ਸ਼ਹੀਦ ਹੋਏ 50 ਸਿੰਘਾਂ ਦੇ ਨਾਮ ਸਰਕਾਰੀ ਰਿਕਾਰਡ ਵਿੱਚੋਂ ਨਹੀਂ ਸਨ ਮਿਲਦੇ। ਇਸ ਤਰ੍ਹਾਂ 17-18 ਜਨਵਰੀ 1872 ਈ. ਨੂੰ ਦੋ ਦਿਨਾਂ ਵਿਚ ਸ਼ਹੀਦ ਹੋਏ 66 ਨਾਮਧਾਰੀ ਸ਼ਹੀਦਾਂ ਦੀ ਪੁਖ਼ਤਾ ਲਿਸਟ ਫਾਈਨਲ ਨਹੀਂ ਸੀ ਹੋ ਰਹੀ। ਇਹ ਲਿਸਟ ਸਭ ਤੋਂ ਪਹਿਲਾਂ ਸੂਬਾ ਸੁਰਿੰਦਰ ਕੌਰ ਅਤੇ ਸ. ਮਾਲਵਿੰਦਰ ਜੀਤ ਸਿੰਘ ਵੜੈਚ ਨੇ ਸਟੇਟ ਆਰਕਾਈਵਜ਼ ਪਟਿਆਲਾ 'ਚੋਂ ਪ੍ਰਾਪਤ ਕੀਤੀ ਕਿਉਂਕਿ 16 ਜਨਵਰੀ 1872 ਈਸਵੀ ਨੂੰ 68 ਨਾਮਧਾਰੀ ਸ਼ੇਰਪੁਰ ਠਾਣੇ ਵਿੱਚ ਲਿਆਂਦੇ ਗਏ। ਇਥੇ ਠਾਣੇ ਦੇ ਰਿਕਾਰਡ ਵਿੱਚ ਇਸ ਸ਼ਹੀਦੀ ਜੱਥੇ ਦੇ ਨਾਮ ਜਾਤ-ਗੋਤ ਅਤੇ ਨਗਰਾਂ ਦਾ ਵੇਰਵਾ ਲਿਖਿਆ ਮਿਲਦਾ ਹੈ। ਇਸ ਜਥੇ ਵਿੱਚ ਦੋ ਬੀਬੀਆਂ (ਮਾਈ ਇੰਦ ਕੌਰ ਅਤੇ ਮਾਈ ਖੇਮ ਕੌਰ) ਵੀ ਸਨ। ਜਿਨ੍ਹਾਂ ਨੂੰ ਸ਼ਹੀਦ ਨਹੀਂ ਸੀ ਕੀਤਾ ਗਿਆ। ਇਹ ਲਿਸਟ ਸ਼ਾਹਮੁਖੀ ਵਿੱਚ ਸੀ। ਪਟਿਆਲਾ ਆਰਕਾਈਵਜ਼ 'ਚੋਂ ਮਿਲੀ ਸ਼ਹੀਦਾਂ ਦੀ ਲਿਸਟ ਅਨੁਸਾਰ ਐਡਵੋਕੇਟ ਸ. ਮਾਲਵਿੰਦਰ ਜੀਤ ਸਿੰਘ ਵੜੈਚ, ਸ. ਜਸਵਿੰਦਰ ਸਿੰਘ ਹਿਸਟੋਰੀਅਨ, ਸੂਬਾ ਸੁਰਿੰਦਰ ਕੌਰ ਖਰਲ, ਸ. ਸੁਵਰਨ ਸਿੰਘ ਵਿਰਕ ਅਤੇ ਪ੍ਰੋਫੈਸਰ ਤਾਰਾ ਸਿੰਘ ਅਣਜਾਣ ਆਦਿ ਵਿਦਵਾਨਾਂ ਨੇ ਬੈਠ ਕੇ ਸ਼ਹੀਦੀ ਸਾਕਾ ਮਾਲੇਰਕੋਟਲਾ ਦੇ ਸ਼ਹੀਦਾਂ ਦੀ ਤਸਦੀਕਸ਼ੁਦਾ ਤੇ ਪ੍ਰਮਾਣੀਕ ਲਿਸਟ ਤਿਆਰ ਕੀਤੀ। ਇਸ ਤੋਂ ਬਿਨਾਂ ਸ਼ਹੀਦੀ ਸਾਕਾ ਮਾਲੇਰਕੋਟਲਾ ਦੌਰਾਨ ਅਤੇ ਸਾਕੇ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਅਤੇ ਪ੍ਰਮੁੱਖ ਨਾਮਧਾਰੀ ਸੂਬਿਆਂ ਦੀ ਜਲਾਵਤਨੀ ਦੌਰਾਨ ਪ੍ਰਮੁੱਖ ਅਹਿਲਕਾਰਾਂ ਦੇ ਖਤੋ ਖਿਤਾਬ ਜੋ ਸ਼ਾਹਮੁਖੀ ਵਿੱਚ ਅਰਬੀ ਫਾਰਸੀ ਭਾਸ਼ਾ ਵਿੱਚ ਸਨ ਜਿਨ੍ਹਾਂ ਵਿੱਚ ਸ਼ਹੀਦਾਂ ਦੇ ਪਰਿਵਾਰਾਂ ਦੀਆਂ ਜਾਇਦਾਦਾਂ ਦੀਆਂ ਕੁਰਕੀਆਂ ਅਤੇ ਸਰਕਾਰੀ ਤਸ਼ੱਦਦ ਦੇ ਲੂ ਕੰਢੇ ਖਵੇ ਕਰਨ ਵਾਲੇ ਵੇਰਵੇ ਮਿਲਦੇ ਹਨ। ਇਨ੍ਹਾਂ ਸਾਰੇ ਦਸਤਾਵੇਜ਼ਾਂ ਨੂੰ ਗੁਰਮੁਖੀ ਵਿੱਚ ਅਨੁਵਾਦ ਕਰਵਾ ਕੇ 550 ਪੰਨਿਆਂ ਦਾ ਵੱਡਾ ਗ੍ਰੰਥ 'ਲੁਕਿਆ ਸੱਚ' ਪ੍ਰਕਾਸ਼ਿਤ ਕਰਵਾਉਣਾ ਸੂਬਾ ਸੁਰਿੰਦਰ ਕੌਰ ਦਾ ਇੱਕ ਮਹੱਤਵਪੂਰਨ ਕਾਰਜ ਹੈ।

ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਗੁਣ ਗਾਇਨ ਤਾਂ ਸਾਰੇ ਕਰਦੇ ਹਨ, ਪਰ ਜੋ ਉਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਨਾਲ ਬੀਤੀ ਉਸ ਖੋਜ ਦਾ ਮਹੱਤਵਪੂਰਨ ਕਾਰਜ ਸੂਬਾ ਸੁਰਿੰਦਰ ਕੌਰ ਨੇ ਆਪਣੇ ਜ਼ਿੰਮੇ ਲਿਆ ਅਤੇ ਬਾਖ਼ੂਬੀ ਸਿਰੇ ਚੜ੍ਹਾਇਆ।

ਤੀਸਰਾ ਕਾਰਜ ਹੈ ਬੰਸਾਵਲੀ ਰਚਨਾ। ਜਿਨ੍ਹਾਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਬੰਸਾਵਲੀ ਅਤੇ ਨਾਮਧਾਰੀ ਸ਼ਹੀਦਾਂ ਦਾ ਇਤਿਹਾਸ ਅਤੇ ਬੰਸਾਵਲੀਆਂ। ਸ਼ਹੀਦਾਂ ਦੇ ਪਿੰਡਾਂ ਤੱਕ ਪਹੁੰਚ ਕਰਕੇ ਪਰਿਵਾਰਾਂ ਨੂੰ ਲੱਭਣਾ, ਉਨ੍ਹਾਂ ਤੋਂ ਜੋ ਜਾਣਕਾਰੀ ਮਿਲਣੀ ਉਹ ਨੋਟ ਕਰਨੀ ਅਤੇ ਕਈ ਜੋ ਆਪਣੇ ਬਜ਼ੁਰਗਾਂ ਨੂੰ ਭੁੱਲ ਚੁੱਕੇ ਸਨ। ਉਨ੍ਹਾਂ ਨੂੰ ਆਪਣੇ ਸ਼ਹੀਦੀ ਵਿਰਸੇ ਦੇ ਗੌਰਵ ਦਾ ਅਹਿਸਾਸ ਕਰਵਾਉਣਾ ਅਤੇ ਸ਼ਹੀਦੀ ਮੇਲਿਆਂ ਤੇ ਲੈ ਕੇ ਆਉਣਾ, ਸ੍ਰੀ ਸਤਿਗੁਰੂ ਜੀ ਤੋਂ ਮਾਣ ਸਨਮਾਣ ਕਰਵਾਉਣਾ, ਇਹ ਸਾਰੇ ਕਾਰਜ ਇਕੱਲੀ ਸੂਬਾ ਸੁਰਿੰਦਰ ਕੌਰ ਨੇ ਆਰੰਭੇ ਅਤੇ ਸਿਰੇ ਚਾੜ੍ਹੇ, ਪਰ ਇਕੱਲੀ ਸੂਬਾ ਸੁਰਿੰਦਰ ਕੌਰ ਨਹੀਂ; ਜਿਵੇਂ ਕਹਾਵਤ ਹੈ ਕਿ ਹਰ ਸਫ਼ਲ ਆਦਮੀ ਪਿੱਛੇ ਇਕ ਔਰਤ ਹੁੰਦੀ ਹੈ। ਉਹ ਔਰਤ ਮਾਂ ਵੀ ਹੋ ਸਕਦੀ ਹੈ ਜਾਂ ਜੀਵਨ ਸਾਥਣ ਵੀ, ਭਾਵ ਹੈ ਕਿ ਸਫ਼ਲ ਹੋਣ ਲਈ ਜੀਵਨ ਵਿੱਚ ਇੱਕ ਸਾਥੀ ਹੋਣਾ ਲਾਜ਼ਮੀ ਹੈ। ਇੱਕ ਮਿੱਤਰ ਸਾਥੀ ਜੋ ਉਲਝਣਾਂ ਨੂੰ ਸੁਲਝਾਉਣ ਵਿੱਚ ਅਤੇ ਮੰਜ਼ਿਲਾਂ ਤੈਅ ਕਰਨ ਵਿੱਚ ਸਾਡਾ ਸਾਥੀ ਹੋਵੇ, ਸਹਿਯੋਗੀ ਹੋਵੇ ਜਿਵੇਂ ਵਿਦਵਾਨਾਂ ਦਾ ਕਥਨ ਹੈ ਕਿ ਜੇ ਤੁਹਾਡੇ ਜੀਵਨ ਵਿੱਚ ਤੁਹਾਨੂੰ ਇੱਕ ਵੀ ਸੱਚਾ ਮਿੱਤਰ ਪ੍ਰਾਪਤ ਹੋ ਗਿਆ ਤਾਂ ਸਮਝ ਲਓ ਕਿ ਤੁਸੀਂ ਇਕੱਲੇ ਨਹੀਂ ਹੋ। ਤੁਸੀਂ ਹਰ ਮੰਜ਼ਿਲ ਤਹਿ ਕਰ ਲਵੋਗੇ ਸਫ਼ਲਤਾ, ਤੁਹਾਡੇ ਪੈਰ ਚੁੰਮੇਗੀ। ਜਿਨ੍ਹਾਂ ਨੂੰ ਜੀਵਨ ਵਿੱਚ ਅਜਿਹਾ ਸੱਚਾ ਮਿੱਤਰ, ਉਨ੍ਹਾਂ ਦਾ ਜੀਵਨ ਸਾਥੀ ਹੀ ਮਿਲ ਜਾਵੇ ਉਹ ਵਿਰਲੇ ਅਤੇ ਵਡਭਾਗੇ ਲੋਕ ਹੁੰਦੇ ਹਨ। ਅਜਿਹਾ ਹੀ ਸੱਚਾ ਮਿੱਤਰ ਅਤੇ ਜੀਵਨ ਸਾਥੀ ਸੂਬਾ ਸੁਰਿੰਦਰ ਕੌਰ ਨੂੰ ਪਤੀ ਦੇਵ ਸ. ਭਗਵੰਤ ਸਿੰਘ ਦੇ ਰੂਪ ਵਿੱਚ ਮਿਲਿਆ। ਸ. ਭਗਵੰਤ ਸਿੰਘ ਸੀਮਿਤ ਸਾਧਨਾਂ ਦੇ ਹੁੰਦਿਆਂ ਘਰ ਪਰਿਵਾਰ ਅਤੇ ਵਿਹਾਰ ਦੀਆਂ ਜ਼ਿੰਮੇਵਾਰੀਆਂ ਨੂੰ ਅੱਖੋਂ ਪਰੋਖੇ ਕਰਕੇ ਖੋਜ ਕਾਰਜਾਂ ਲਈ ਹਰ ਜਗ੍ਹਾ ਆਪਣੀ ਜੀਵਨ ਸਾਥਣ ਨਾਲ ਜਾਂਦੇ ਰਹੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਇਨ੍ਹਾਂ ਨੂੰ ਸ਼ਹੀਦ ਪਰਿਵਾਰਾਂ ਦੇ ਪਿੰਡਾਂ-ਘਰਾਂ ਤੱਕ ਜਾਣ ਲਈ ਗੱਡੀ ਦਾ ਪ੍ਰਬੰਧ ਕਰਕੇ ਦੇਂਦੇ, ਕਈ ਵੇਰ ਹੁਕਮ ਅਨੁਸਾਰ ਸੰਤ ਲਾਲ ਸਿੰਘ ਜੀ ਰੜ ਵਾਲੇ ਵੀ ਜਾਂਦੇ ਰਹੇ, ਜੋ ਕਿ ਸ਼ਹੀਦ ਬਿਸ਼ਨ ਸਿੰਘ ਦੇ ਪਰਿਵਾਰ ਵਿਚੋਂ ਹਨ, ਇਨ੍ਹਾਂ ਦੋਹਾਂ ਨੂੰ ਭਜਨ ਦੇਣ ਦਾ ਹੁਕਮ ਵੀ ਹੋ ਗਿਆ ਸੀ। ਭਗਵੰਤ ਸਿੰਘ ਜੀ ਦੇ ਸਹਿਯੋਗ ਤੋਂ ਬਿਨਾਂ ਸੂਬਾ ਸੁਰਿੰਦਰ ਕੌਰ ਲਈ ਐਡੇ ਵੱਡੇ ਕਾਰਜ ਸੰਪੂਰਨ ਕਰ ਲੈਣੇ ਮੁਸ਼ਕਲ ਹੀ ਨਹੀਂ ਅਸੰਭਵ ਸਨ। ਨਾਮਧਾਰੀ ਲੇਖਕਾਂ ਵਿੱਚ ਇਹ ਦੂਸਰੀ ਜੋੜੀ ਆਖ ਸਕਦੇ ਹਾਂ।

ਜਿਨ੍ਹਾਂ ਨੇ 'ਏਕ ਜੋਤਿ ਦੋਇ ਮੂਰਤੀ' ਵਾਂਗ ਸਾਹਿਤ ਸੇਵਾ ਨਿਭਾਈ। ਇਸ ਤੋਂ ਪਹਿਲੀ ਜੋੜੀ ਹੈ ਸਰਦਾਰ ਸੰਤ ਸਿੰਘ ਜੀ ਅਤੇ ਪ੍ਰਿੰਸੀਪਲ ਬੇਅੰਤ ਕੌਰ ਜਿਨ੍ਹਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰਿਕਾਰਡ ਉਪਦੇਸ਼ਾਂ ਨੂੰ ਪੁਸਤਕ ਰੂਪ ਵਿੱਚ ਛੁਪਾਉਣ ਦੀ ਸੇਵਾ ਬਖਸ਼ੀ। ਇਸ ਸੁਭਾਗੀ ਜੋੜੀ ਨੇ ਇਹ ਸੇਵਾ ਸ਼ਰਧਾ ਅਤੇ ਭਗਤੀ ਭਾਵ ਨਾਲ ਨਿਭਾਈ, ਪ੍ਰਿੰਸੀਪਲ ਬੇਅੰਤ ਕੌਰ ਜੀ ਦੇ ਪੂਰੇ ਹੋ ਜਾਣ ਉਪਰੰਤ ਕੁਝ ਅਧੂਰਾ ਕਾਰਜ 'ਲਾਲ ਏਹਿ ਰਤਨ' ਦਾ ਪੰਜਵਾਂ ਭਾਗ ਅਤੇ ਸਮੁੱਚੇ ਭਾਗਾਂ ਪੰਜਾਂ ਭਾਗਾਂ ਦਾ ਅੰਗਰੇਜ਼ੀ 'ਚ ਅਨੁਵਾਦ ਕਰਕੇ ਸ. ਸੰਤ ਸਿੰਘ ਜੀ ਨੇ ਸੰਪੂਰਨ ਕੀਤਾ। ਹੁਣ ਸੂਬਾ ਸੁਰਿੰਦਰ ਕੌਰ ਦੇ ਅਚਾਨਕ ਚਲੇ ਜਾਣ ਉਪਰੰਤ ਚੱਲ ਰਹੇ ਅਤੇ ਅਧੂਰੇ ਸਾਹਿਤਕ ਕਾਰਜਾਂ ਨੂੰ ਸੰਪੂਰਨ ਕਰਨ ਅਤੇ ਕਰਵਾਉਣ ਦੀ ਜ਼ਿੰਮੇਵਾਰੀ ਸ. ਭਗਵੰਤ ਸਿੰਘ ਜੀ ਦੇ ਮੋਢਿਆਂ ਤੇ ਆ ਪਈ ਹੈ। ਵਡਭਾਗੀਆਂ ਅਤੇ ਧੰਨਤਾ ਯੋਗ ਹਨ- ਅਜਿਹੀ 'ਜੋੜੀਆਂ ਜੱਗ ਥੋੜ੍ਹੀਆਂ।' ਨਮਨ ਹੈ, ਉਨ੍ਹਾਂ ਦੀ ਪਵਿੱਤਰ ਭਾਵਨਾ ਨੂੰ।

ਗੁਰੂ ਦੇ ਸਿੱਖਾਂ ਵਿੱਚ ਦ੍ਰਿੜ ਆਸਥਾ ਅਤੇ ਪੂਰਨ ਸਮਰਪਣ ਭਾਵਨਾ ਦਾ ਸਰੋਤ ਹੁੰਦਾ ਹੈ 'ਸਤਿਗੁਰੂ'। ਸਿੱਖਾਂ ਨੇ ਆਪਣੇ ਸਤਿਗੁਰੂ ਦੀ ਖੁਸ਼ੀ ਲੈਣ ਲਈ, ਗੁਰੂ ਦਰ ਪ੍ਰਵਾਨ ਹੋਣ ਲਈ ਵੱਡੇ ਤੋਂ ਵੱਡਾ ਤਿਆਗ ਕੀਤਾ, ਕੁਰਬਾਨੀਆਂ ਕੀਤੀਆਂ ਅਤੇ ਦ੍ਰਿੜ ਸੰਕਲਪ ਨਾਲ ਅਸੰਭਵ ਨੂੰ ਸੰਭਵ ਕਰ ਵਿਖਾਇਆ। ਅਜਿਹੀ ਪਵਿੱਤਰ ਆਸਥਾ ਸਦਕਾ ਸ. ਸੰਤ ਸਿੰਘ, ਪ੍ਰਿੰਸੀਪਲ ਬੇਅੰਤ ਕੌਰ ਅਤੇ ਸ. ਭਗਵੰਤ ਸਿੰਘ, ਸੂਬਾ ਸੁਰਿੰਦਰ ਕੌਰ ਦੀ ਜੋੜੀ ਨੇ ਵੱਡੀਆਂ ਪੰਥਕ ਸੇਵਾਂ ਨਿਭਾਈਆਂ। ਇਸ ਤੋਂ ਵੀ ਅੱਗੇ ਗੁਰਸਿੱਖ ਵੱਡੀ ਤੋਂ ਵੱਡੀ ਘਾਲਣਾ ਘਾਲ ਕੇ ਵੀ ਨਿਮਰ ਭਾਵ 'ਚ ਰਹਿੰਦਾ ਹੈ। ਗੁਰਮਤਿ ਦਾ ਕੇਂਦਰੀ ਬਿੰਦੂ ਹੈ 'ਗੁਰ-ਪ੍ਰਸਾਦਿ'। ਜੋ ਵੀ ਕਰ ਸਕੇ, ਉਹ ਗੁਰੂ ਦੀ ਕਿਰਪਾ ਨਾਲ। ਜੋ ਵੀ ਪ੍ਰਾਪਤ ਹੋਇਆ, ਉਹ ਵੀ ਗੁਰੂ ਦੀ ਮਿਹਰ ਨਦਰਿ ਸਦਕਾ। ਇੱਥੋਂ ਤਕ ਕਿ ਸੁੱਖ ਅਤੇ ਦੁੱਖ ਦੋਵੇਂ ਹੀ ਗੁਰੂ ਵੱਲੋਂ ਮਿਲੇ ਪ੍ਰਸਾਦ ਦੇ ਰੂਪ ਵਿੱਚ ਗੁਰਸਿੱਖ ਪ੍ਰਵਾਨ ਕਰਦਾ ਹੈ ਅਤੇ ਰਜ਼ਾ 'ਚ ਰਾਜ਼ੀ ਰਹਿੰਦਾ ਹੈ। ਅਜਿਹੀ ਹੀ ਨਿਮਰ ਅਤੇ ਸਮਰਪਣ ਭਾਵਨਾ ਸੂਬਾ ਸੁਰਿੰਦਰ ਕੌਰ ਦੀਆਂ ਨਜ਼ਮਾਂ ਵਿੱਚ ਪੜ੍ਹਨ ਨੂੰ ਮਿਲਦੀ ਹੈ-

ਮੇਰੇ ਕੋਲ ਨਾ ਤਾਂ
ਧਰਤੀ ਜੇਡਾ ਕੋਈ ਕਾਗਜ ਹੈ,
ਨਾ ਸਮੁੰਦਰ ਜਿਹੀ ਸਿਆਹੀ 'ਚ
ਮੈਂ ਕਲਮ ਡੁਬੋਣ ਦਾ,
ਦਾਅਵਾ ਕਰਦੀ ਹਾਂ।
ਮੇਰੀ ਵਸੀਅਤ 'ਚ ਤਾਂ ਮੇਰੀ ਦੌਲਤ,
ਤੇਰੀ ਹੀ ਬਖ਼ਸ਼ੀ ਬੁੱਧੀ ਨਾਲ
ਕਾਗਜ਼ ਦੀ ਹਿੱਕ 'ਤੇ ਸਜਾਏ
ਸਿਰਫ਼ ਕੁਝ ਗਰੀਬੜੇ ਜਿਹੇ
ਨਾਜ਼ੁਕ ਜਿਹੇ, ਮਾਸੂਮ ਜਿਹੇ
ਤੈਨੂੰ ਪਰਵਾਨ ਹੋ ਸਕਣ ਦੀ
ਆਸ ਨਾਲ ਲਿਖੇ
'ਚੰਦ ਹਰਫ਼, ਨੇ
ਜੋ ਸਦਾ
ਸਿਰਫ਼ ਤੇਰੇ ਹੀ ਨਾਮ ਹਨ।

ਗੁਰਵਾਕ 'ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ' ਨੂੰ ਹਿਰਦੇ ਵਿੱਚ ਵਸਾ ਕੇ ਲੇਖਿਕਾ ਆਪਣੀ ਭਾਵਨਾ ਪ੍ਰਗਟ ਕਰਦੀ ਹੈ-

ਜਦ ਤੂੰ ਹਾਸੀ ਕਰਦਾ ਹੈਂ
ਤਾਂ ਅੱਲ੍ਹੜ ਬੱਚੇ ਵਾਂਗ ਲਗਦਾ ਹੈਂ।
ਜਦ ਤੂੰ ਸਿੱਖਿਆ ਦੇਂਦਾ ਹੈਂ
ਤਾਂ ਮਾਂ ਵਾਂਗ ਜਾਪਦਾ ਹੈਂ
ਜਦ ਤੂੰ ਗੰਭੀਰ ਮੁਦਰਾ 'ਚ ਹੁੰਦੈਂ
ਤਾਂ ਪਿਤਾ ਲਗਦਾ ਹੈਂ
ਜਦ ਤੂੰ ਭਲਾ ਲੋਚਦਾ ਹੈਂ
ਤਾਂ ਵੀਰ ਜਾਪਦਾ ਹੈਂ
ਜਦ ਕੌਤਕ ਕਰਦਾ ਹੈਂ
ਤਾਂ ਅਦ੍ਰਿਸ਼ ਪ੍ਰਮਾਤਮਾ ਲਗਦਾ ਹੈਂ
ਮੇਰਾ ਹਰ ਰਿਸ਼ਤਾ, ਹਰ ਨਾਤਾ
ਤੇਰੇ ਨਾਲ ਜਾ ਜੁੜਦਾ ਹੈ......
ਤੇਰੇ ਦੁਆਲੇ ਚੱਕਰ ਲਾਉਂਦੀ
ਮੇਰੀ ਕਲਪਨਾ ਨੂੰ
ਕਦੇ ਤੂੰ ਰਾਮ ਲੱਗਦਾ ਹੈਂ।
ਕਦੇ ਤੂੰ ਕ੍ਰਿਸ਼ਨ ਲੱਗਦਾ ਹੈਂ।
ਕਦੇ ਤੇਰੇ ਵਿਚ
ਸਾਰੇ ਗੁਰੂਆਂ ਦਾ
ਸਰੂਪ ਆ ਜਾਂਦਾ ਹੈ।
ਤੇਰੇ ਕਿਸ-ਕਿਸ ਰੂਪ ਦਾ ਗੁਣਗਾਣ ਕਰਾਂ?
ਤੇਰੇ ਹਰ ਰੂਪ ਨੂੰ ਨਮਸਕਾਰ!
ਤੇਰੇ ਹਰ ਨਾਮ ਨੂੰ ਨਮਸਕਾਰ!!
ਤੇਰੇ ਹਰ ਰਾਗ ਨੂੰ ਨਮਸਕਾਰ!!!

ਆਪਣੇ ਸਤਿਗੁਰੂ ਦੇ ਪਾਵਨ ਅਹਿਸਾਸ ਦਾ ਅਤੇ ਗੁਰੂ ਮੁਖ ਤੋਂ ਉਚਾਰੇ ਇਲਾਹੀ ਬਚਨਾਂ ਨੂੰ ਲਿਖ-ਲਿਖ ਕੇ ਸੰਭਾਲਣ ਦੀ ਰੀਝ ਬਾਰੇ ਸੂਬਾ ਜੀ ਦਾ ਕਥਨ ਹੈ-

ਜਿੰਦ ਮੇਰੀ ਸਦਾ ਭਰਪੂਰ ਰਹਿੰਦੀ ਹੈ
ਤੇਰੇ ਹੀ ਅਹਿਸਾਸ ਨਾਲ
ਤੇਰੇ ਚਰਨਾਂ ਹੇਠ ਆਏ
ਮਿੱਟੀ ਦੇ ਪਾਵਨ ਕਣਾਂ ਨੂੰ
ਆਪਣੀਆਂ ਪਲਕਾਂ ਨਾਲ
ਚੁੱਕ ਕੇ
ਮੈਂ ਮਸਤਕ 'ਤੇ ਸਜਾ ਲੈਂਦੀ ਹਾਂ।
......ਤੇਰੇ ਮੁਖ 'ਚੋਂ ਨਿਕਲੇ ਸ਼ਬਦਾਂ ਦਾ ਹਰ ਫੁੱਲ
ਜੀਅ ਕਰਦੈ, ਆਪਣੀ ਝੋਲੀ 'ਚ ਸਮੇਟ ਲਵਾਂ
ਤੇ ਸੁਗੰਧੀ ਬਿਖੇਰਨ ਲਈ
ਕਾਗਜ਼ ਤੇ ਸਜਾ ਦੇਵਾਂ।

ਸੂਬਾ ਜੀ ਦੀਆਂ (ਖੁੱਲ੍ਹੀ ਕਵਿਤਾ) ਦੀਆਂ ਦੋ ਪੁਸਤਕਾਂ 'ਬਖ਼ਸ਼ਿਸ਼' ਅਤੇ 'ਤੂੰ ਹੀ ਤੂੰ' ਵਿੱਚੋਂ ਇੱਕ ਨਜ਼ਮ, ਇੱਕ ਅਰਦਾਸ ਆਪਣੇ ਸਤਿਗੁਰੂ ਦੇ ਚਰਨਾਂ ਵਿੱਚ ਆਪ ਦੀ ਭਗਤੀ-ਭਾਵਨਾ ਪ੍ਰਗਟ ਕਰਦੀ ਪਾਠਕਾਂ ਨਾਲ ਸਾਂਝੀ ਕਰਦਾ ਹਾਂ-

ਤੂੰ ਅਨੰਤ ਸਾਗਰ ਹੈਂ
ਕ੍ਰਿਪਾ ਦਾ।
ਤੂੰ ਅਥਾਹ ਭੰਡਾਰ ਹੈਂ
ਦਯਾ ਦਾ।
ਤੂੰ ਸੋਮਾ ਹੈ
ਖ਼ੁਸ਼ੀਆਂ ਖੇੜਿਆਂ ਦਾ।
ਹਉਂ ਔਗਣਹਾਰ
ਭੁੱਲਣਹਾਰ ਜੀਵ
ਤੂੰ ਬਖਸ਼ਿਸ਼ਾਂ ਦਾ ਦਰ।
ਤੇਰੇ ਸਨਮੁਖ
ਤੇਰੀ ਰਹਿਮਤਾਂ ਦੇ ਸਨਮੁਖ
ਮੇਰੀ ਡੰਡੌਤ ਵੰਦਨਾ ਹੈ!
ਹੇ ਕਿਰਪਾ ਨਿਧਾਨ!
ਸੁਮੱਤ ਬਖ਼ਸ਼ੀਂ
ਆਪਣੇ ਲੜ ਲਾਈ ਰੱਖੀਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਿਕਨਾਤੀਸੀ ਸ਼ਖ਼ਸੀਅਤ ਦੀ ਕਰਾਮਾਤ ਹੀ ਹੈ ਕਿ ਸੁਵਰਨ ਸਿੰਘ ਵਿਰਕ, ਅਜੀਤ ਸਿੰਘ ਲਾਇਲ ਵਰਗੇ ਅਨੇਕਾਂ ਨਾਮਧਾਰੀ ਨੌਜਵਾਨ ਜੋ ਧਰਮ ਤੋਂ ਪੰਥ ਤੋਂ ਦੂਰ ਜਾ ਰਹੇ ਸਨ। ਸਤਿਗੁਰੂ ਜੀ ਦੇ ਪ੍ਰੇਮ ਪਾਸ਼ ਦੇ ਕੀਲੇ ਹਮੇਸ਼ਾਂ ਲਈ ਗੁਰੂ ਜੋਗੇ ਹੋ ਗਏ ਅਤੇ ਵੱਡੀਆਂ ਸੇਵਾਵਾਂ ਨਿਭਾ ਰਹੇ ਹਨ ਪਰ ਸੂਬਾ ਸੁਰਿੰਦਰ ਕੌਰ ਦਾ ਤਾਂ ਪੇਕਾ ਅਤੇ ਸਹੁਰਾ, ਤਾਣਾ-ਪੇਟਾ ਹੀ ਸ਼ਰਧਾ ਅਤੇ ਭਗਤੀ ਭਾਵ ਦਾ ਸੀ। ਆਪ ਦੀ ਜੀਵਨ ਭਰ ਦੀ ਘਾਲਣਾ, ਆਪ ਦੀਆਂ ਕੁਝ ਪੁਸਤਕਾਂ ਬਾਰੇ ਵਿਦਵਾਨਾਂ ਦੇ ਵਿਚਾਰ ਵਰਨਣ ਯੋਗ ਹਨ। 'ਅੰਮ੍ਰਿਤਸਰ ਸਾਕੇ ਦੇ ਨਾਮਧਾਰੀ ਸ਼ਹੀਦ ਇਤਿਹਾਸ ਅਤੇ ਬੰਸਾਵਲੀਆਂ' ਦੀ ਭੂਮਿਕਾ ਵਿੱਚ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਭਣੇਵੇਂ ਪ੍ਰੋ. ਜਗਮੋਹਨ ਸਿੰਘ ਲਿਖਦੇ ਹਨ-

"ਇਕ ਅੰਗਰੇਜ਼ ਲਿਖਾਰੀ ਐਡਵਰਡ ਜਾਨ ਥਾਮਸਨ ਨੇ ਅੰਗਰੇਜ਼ ਰਾਜ ਦੇ ਜ਼ੁਲਮਾਂ ਦੀ ਤਸਵੀਰ ਅੰਗਰੇਜ਼ਾਂ ਨੂੰ ਦਿਖਾਣ ਲਈ 'ਮੈਡਲ ਦਾ ਦੂਜਾ ਪਾਸਾ' ਨਾਂ ਦੀ ਕਿਤਾਬ ਲਿਖੀ ਸੀ। ਇਸ ਵਿੱਚ ਕੂਕਾ ਲਹਿਰ ਤੇ ਜ਼ੁਲਮਾਂ ਦਾ ਵੀ ਜ਼ਿਕਰ ਸੀ। ਇਸ ਤੇ ਖੋਜ ਕਰਦੇ ਉਸ ਨੇ ਬੜੇ ਭਰੇ ਮਨ ਨਾਲ ਲਿਖਿਆ ਕਿ ਭਾਰਤ ਦੇ ਇਤਿਹਾਸ ਦੀ ਵੱਡੀ ਸਿਤਮ ਜ਼ਰੀਫ਼ੀ ਇਹ ਹੈ ਕਿ ਪੋਤੇ ਨੂੰ ਨਹੀਂ ਪਤਾ ਕਿ ਉਸ ਦੇ ਦਾਦੇ ਨੇ ਕੀ ਹਿੱਸਾ ਪਾਇਆ ਹੈ।" ਇਸ ਪੱਖੋਂ ਇਹ ਖੋਜ ਪੁਸਤਕ ਵੱਡਾ ਯੋਗਦਾਨ ਪਾਵੇਗੀ। ਸੂਬਾ ਸੁਰਿੰਦਰ ਕੌਰ ਨੇ ਜਿਸ ਮਿਹਨਤ ਅਤੇ ਲਗਨ ਨਾਲ ਇਸ ਕੰਮ ਨੂੰ ਕੀਤਾ ਹੈ। ਦਿਲੋਂ ਸ਼ਲਾਘਾ ਦੀ ਹਿੱਸੇਦਾਰ ਹੈ। ਜਿੱਥੇ ਉਨ੍ਹਾਂ ਸ਼ਹੀਦ ਪਰਿਵਾਰਾਂ ਦੇ ਹੋਣ ਵਾਲੇ ਮੈਂਬਰ ਅਤੇ ਸਗੋਂ ਆਉਣ ਵਾਲੀਆਂ ਨਸਲਾਂ ਵੀ ਆਪਣੇ ਵਿਰਸੇ ਬਾਰੇ ਜਾਣ ਸੱਕਣਗੀਆਂ ਅਤੇ ਉਸ ਨਾਲ ਜੁੜ ਸੱਕਣਗੀਆਂ। ਇਸ ਖੋਜ ਨੇ ਇੱਕ ਹੋਰ ਤੱਥ ਉਜਾਗਰ ਕੀਤਾ ਹੈ ਕਿ ਅੰਮ੍ਰਿਤਸਰ ਵਿੱਚ ਸ਼ਹੀਦ ਹੋਣ ਵਾਲੇ ਕੂਕਿਆਂ ਵਿਚੋਂ ਬੀਹਲਾ ਸਿੰਘ ਪਿੰਡ ਨਾਰਲੀ ਤੋਂ ਸੀ ਅਤੇ ਇਹ ਵੀ ਇਤਿਹਾਸਕ ਤੱਥ ਹੈ ਕਿ ਸ਼ਹੀਦ ਭਗਤ ਸਿੰਘ ਦਾ ਇੱਕ ਵਡੇਰਾ ਖਟਕੜ ਕਲਾਂ ਪਿੰਡ ਨਾਰਲੀ ਤੋਂ ਹੀ ਆਇਆ ਸੀ। ਸ਼ਹੀਦ ਬੀਹਲਾ ਸਿੰਘ ਦੀ ਕੂਕਾ ਲਹਿਰ ਵਿੱਚ ਹਿੱਸੇਦਾਰੀ ਨਾਰਲੀ ਪਿੰਡ ਦੇ ਇੱਕ ਲੋਕ ਪ੍ਰਸਤ ਵਿਰਸੇ ਦਾ ਹਿੱਸਾ ਹੈ ਤੇ ਚੰਗੇ ਵਿਚਾਰਾਂ ਦਾ ਅਸਰ ਅੱਗੇ ਤੋਂ ਅੱਗੇ ਵਧਦਾ ਰਹਿੰਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਨੂੰ ਸ਼ਹੀਦ ਭਗਤ ਸਿੰਘ ਨੇ ਯੁੱਗ ਪੁਰਸ਼ ਕਿਹਾ ਸੀ।

ਸ਼ਹੀਦ ਭਗਤ ਸਿੰਘ ਤੇ ਕੂਕਾ ਲਹਿਰ ਦੇ ਸਥਾਈ ਪ੍ਰਭਾਵ ਉਨ੍ਹਾਂ ਦੇ ਲੇਖਾਂ ਅਤੇ ਜੀਵਨਸ਼ੈਲੀ ਤੋਂ ਸਮਝੇ ਜਾ ਸਕਦੇ ਹਨ।

ਇਸੇ ਤਰ੍ਹਾਂ ਪ੍ਰਸਿੱਧ ਅਰਥ ਸ਼ਾਸ਼ਤਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹਿ ਚੁੱਕੇ ਸ. ਸਰਦਾਰਾ ਸਿੰਘ ਜੌਹਲ ਸੂਬਾ ਜੀ ਦੀ ਪੁਸਤਕ 'ਨਾਮਧਾਰੀ ਸ਼ਹੀਦ' ਬਾਰੇ ਲਿਖਦੇ ਹਨ:

ਨਾਮਧਾਰੀ ਸ਼ਹੀਦਾਂ ਬਾਰੇ ਇਹ ਕਿਤਾਬ ਕੋਈ ਪਹਿਲੀ ਲਿਖਤ ਨਹੀਂ ਪਰ ਪੁੱਜ ਕੇ ਨਿਵੇਕਲੀ ਹੈ। ਇਹ ਕਿਤਾਬ ਤਾਂ ਇਕ ਪੀ.ਐਚ.ਡੀ. ਦੇ ਉੱਚ ਕੋਟੀ ਦੇ ਖੋਜ ਨਿਬੰਧ ਦੇ ਬਰਾਬਰ ਹੈ। ਸੂਬਾ ਸੁਰਿੰਦਰ ਕੌਰ ਦੀ ਕੀ ਤਾਰੀਫ਼ ਕਰਾਂ ਇਹ ਤਾਂ

ਨਾਮਧਾਰੀ ਪੰਥ ਦੀ ਇਕ ਅਨਮੋਲ ਰਤਨ ਹੈ ਜਿਸ ਨੇ ਇੱਕ ਨਹੀਂ ਕਈ ਖੋਜ ਭਰਪੂਰ ਅਤੇ ਗੁਰੂ ਸ਼ਰਧਾ ਵਿੱਚ ਡੁੱਬ ਕੇ ਲਿਖਤਾਂ ਪੂਰੀਆਂ ਕੀਤੀਆਂ ਹਨ।

ਇਸੇ ਤਰ੍ਹਾਂ ਹੀ ਜੌਹਲ ਸਾਹਿਬ ਸੂਬਾ ਜੀ ਦੀ ਪੁਸਤਕ 'ਪ੍ਰਕਾਸ਼ ਪੁੰਜ' ਭਾਗ ਪਹਿਲਾ ਦੀ ਭੂਮਿਕਾ ਵਿਚ ਲਿਖਦੇ ਹਨ–

"'ਪ੍ਰਕਾਸ਼ ਪੁੰਜ' ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਤੇ ਬਚਪਨ ਤੋਂ ਲੈ ਕੇ ਹੁਣ ਤੱਕ ਦੇ ਜੀਵਨ ਵਿਚਰਨ ਦਾ ਕਦਮ–ਬਕਦਮ ਵਰਨਣ ਕਰਨ ਦੀ ਕੋਸ਼ਿਸ਼ ਹੈ। ਇਸ ਲੇਖਣੀ ਵਿੱਚ ਕੋਈ ਉਹਦਾ ਨਹੀਂ, ਕੋਈ ਬਨਾਵਟ ਨਹੀਂ। ਸਿੱਧੀ ਸਾਦੀ ਜ਼ੁਬਾਨ ਵਿੱਚ ਸਹਿਜ ਸੁਭਾਅ ਹੀ ਜੀਵਨ ਦੇ ਵਰਕੇ ਪਰਤਦੇ ਚਲੇ ਜਾਂਦੇ ਹਨ। ਇਸ ਕਿਤਾਬ ਵਿੱਚ ਸੋਚੀ ਸਮਝੀ ਗੁਰੂ ਸ਼ਰਧਾ ਪ੍ਰਤੱਖ ਹੁੰਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਪਾਠਕ ਦੇ ਸਾਹਮਣੇ ਇੰਜ ਆ ਖੜ੍ਹੀ ਹੁੰਦੀ ਹੈ, ਜਿਵੇਂ ਵਾਕਿਆਤ ਅੱਖਾਂ ਦੇ ਸਾਹਮਣੇ ਵਰਤ ਰਹੇ ਹੋਣ ਹਾਲਾਂਕਿ ਕਈ ਵਾਕਿਆਤ ਕਰਾਮਾਤ ਵਰਗੇ ਹੀ ਬਿਆਨ ਕੀਤੇ ਗਏ ਹਨ ਪਰ ਕਰਾਮਾਤ ਮੰਨ ਕੇ ਨਹੀਂ ਸਗੋਂ ਸਤਿਗੁਰਾਂ ਦਾ ਸਹਿਜ ਸੁਭਾਅ ਦੇ ਪ੍ਰਤੀਕ ਦਿਖਾਈ ਦਿੰਦੇ ਹਨ ਜਿਵੇਂ ਕਿ ਸਤਿਗੁਰਾਂ ਦਾ ਸੁਭਾਅ ਹੈ।

ਜੋ ਕੋਈ ਵੀ ਸਤਿਗੁਰਾਂ ਦੇ ਸੰਪਰਕ ਵਿੱਚ ਆਇਆ ਹੈ ਉਹ ਜਾਣਦਾ ਹੈ ਕਿ ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਪਵਿੱਤਰਤਾ, ਮਰਿਆਦਾ, ਉਦਾਰਤਾ ਸਾਦਗੀ, ਸਹਿਜ, ਪਿਆਰ, ਨਿਮਰਤਾ, ਹਮਦਰਦੀ, ਦਯਾ ਅਤੇ ਕੁਦਰਤੀਪਣ ਇੰਜ ਫੁੱਟ–ਫੁੱਟ ਪੈਂਦਾ ਹੈ ਕਿ ਸਾਹਮਣੇ ਆਉਂਦਿਆਂ ਹੀ ਦਿਲੋ–ਦਿਮਾਗ਼ ਦੀਆਂ ਉਲਝਣਾਂ ਅਤੇ ਖਿਚਾਓ ਖ਼ਤਮ ਹੋ ਜਾਂਦੇ ਹਨ। ਬੜਾ ਸਰਲ ਜਿਹਾ ਤਰੀਕਾ ਹੈ ਕਿਸੇ ਦੇ ਸਿਰ ਤੇ ਹੱਥ ਧਰਨ ਦਾ। ਇਕ ਵੇਰ ਮੇਰੇ ਗੋਡੇ ਵਿੱਚ ਬਹੁਤ ਦਰਦ ਸੀ ਤੁਰਨਾ ਔਖਾ ਸੀ ਸਤਿਗੁਰਾਂ ਨੇ ਮੈਨੂੰ ਸੱਦਾ ਭੇਜਿਆ ਇਕ ਸਮਾਗਮ ਤੇ ਪਹੁੰਚਣ ਲਈ। ਮੈਂ ਲੰਗੜਾਉਂਦਾ ਹੋਇਆ ਸੋਟੀ ਆਸਰੇ ਗਿਆ ਤਾਂ ਕਿਰਪਾ ਹੋਈ: "ਕਹਿਣ ਲੱਗੇ 'ਮਾਲਸ਼ ਕਰਵਾਉ'। ਮੈਂ ਛੇ ਮਹੀਨਿਆਂ ਤੋਂ ਇਵੇਂ ਲਟਕ ਰਿਹਾ ਸੀ। ਸਾਰੇ ਮਾਹਿਰਾਂ ਨੂੰ ਵਿਖਾ ਚੁੱਕਾ ਸਾਂ, ਦਵਾਈਆਂ ਖਾ ਚੁੱਕਾ ਸਾਂ, ਆਰਾਮ ਨਹੀਂ ਸੀ ਆ ਰਿਹਾ। ਦੂਸਰੇ ਤੀਸਰੇ ਦਿਨ ਮੈਂ ਇੱਕ ਬਾਜ਼ੀਗਰ ਕੋਲ ਗਿਆ। ਉਸ ਨੇ ਇੱਕ ਮਿੰਟ ਵਿੱਚ ਹੀ ਮਾਲਿਸ਼ ਕਰਕੇ ਮੈਨੂੰ ਆਮ ਵਾਂਗ ਤੋਰ ਦਿੱਤਾ ਅਤੇ ਅੱਜ ਤਕ ਇਉਂ ਹੀ ਤੁਰਿਆ ਫਿਰਦਾ ਹਾਂ। ਭਾਵੇਂ ਹੱਥ ਤਾਂ ਬਾਜ਼ੀਗਰ ਦਾ ਲੱਗਾ ਪਰ ਮੈਨੂੰ ਯਕੀਨ ਹੈ ਕਿ ਮਿਹਰ ਸਤਿਗੁਰਾਂ ਦੀ ਹੋਈ। ਕੇਡਾ ਵਧੀਆ ਤਰੀਕਾ ਹੈ ਮੇਹਰਾਂ ਬਖ਼ਸ਼ਣ ਦਾ, ਆਪਣੇ ਸਿਰ ਵੀ ਨਾ ਲਓ ਤੇ ਦੁਖ–ਦਲਿੱਦਰ ਵੀ ਕੱਟ ਦਿਓ।

ਸਤਿਗੁਰਾਂ ਦਾ ਜੀਵਨ ਇੱਕ ਪ੍ਰਤੀਕ ਪੇਸ਼ ਕਰਦਾ ਹੈ ਕਿ ਸਵਾਸਥ ਜ਼ਿੰਦਗੀ ਕਿਵੇਂ ਜੀਵੀ ਜਾਂਦੀ ਹੈ। ਇਹ ਆਪਣੇ–ਆਪ ਵਿੱਚ ਹੀ ਸਿੱਖਾਂ ਸਾਹਮਣੇ ਇੱਕ ਜਿਊਂਦੀ ਜਾਗਦੀ ਮਿਸਾਲ ਹੈ। ਜਿਸ ਤੋਂ ਜੀਵਨ ਜਾਚ ਸਿੱਖੀ ਜਾ ਸਕਦੀ ਹੈ।

ਇਹ ਪੁਸਤਕ ਪੜ੍ਹਨਯੋਗ ਹੈ ਅਤੇ ਜੋ ਕੋਈ ਵੀ ਚਾਹੇ ਉਹ ਨਾਮਧਾਰੀ ਸਿੰਘ ਹੋਵੇ ਜਾਂ ਕੋਈ ਦੂਜਾ, ਸਤਿਗੁਰੂ ਜਗਜੀਤ ਸਿੰਘ ਬਾਰੇ ਨੇੜਿਓਂ ਹੋ ਕੇ ਜਾਣਕਾਰੀ ਲੈਣਾ ਚਾਹੁੰਦਾ ਹੈ ਅਤੇ ਕੂਕਾ ਲਹਿਰ ਦੇ ਕੁਝ ਅਤਿ ਸਵੱਛ ਪਹਿਲੂਆਂ ਤੋਂ ਵਾਕਫ਼ ਹੋਣਾ ਚਾਹੁੰਦਾ ਹੈ। ਮੈਂ ਉਸ ਵਾਸਤੇ ਇਹ ਕਿਤਾਬ ਪੜ੍ਹਨ ਦੀ ਸਿਫ਼ਾਰਸ਼ ਕਰਦਾ ਹਾਂ।"

ਸੂਬਾ ਸੁਰਿੰਦਰ ਕੌਰ ਜੀ ਦੀਆਂ ਪੁਸਤਕਾਂ ਬਾਰੇ ਕੇਵਲ ਦੋ ਵਿਦਵਾਨਾਂ ਦੀਆਂ ਰਾਹਵਾਂ 'ਚੋਂ ਕੁਝ ਕੁ ਵੰਨਗੀ ਮਾਤਰ ਦੇਣ ਦਾ ਮਨੋਰਥ ਹੈ ਕਿ ਪਾਠਕਾਂ ਵਿਚ ਸੂਬਾ ਜੀ ਦੀਆਂ ਪੁਸਤਕਾਂ ਪੜ੍ਹਨ ਦੀ ਜਗਿਆਸਾ ਪੈਦਾ ਹੋ ਸਕੇ। ਆਪ ਦੀਆਂ ਕਰੀਬ ਡੇਢ ਦਰਜਨ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਜੋ ਕਿ ਸੂਬਾ ਖਰਲ ਜੀ ਦੀ ਕਈ ਦਹਾਕਿਆਂ ਦੀ ਤਪੱਸਿਆ ਹੈ, ਸਾਧਨਾ ਹੈ। ਇਸ ਤੋਂ ਬਿਨਾਂ ਕਰੀਬ ਅੱਧੀ ਦਰਜਨ ਪੁਸਤਕਾਂ ਦਾ ਮੈਟਰ ਇਕੱਠਾ ਕਰ ਗਏ ਹਨ ਜਿਸ ਨੂੰ ਸੰਪਾਦਿਤ ਕਰਨ ਦੀ ਜ਼ਰੂਰਤ ਹੈ।

ਬਹੁਤ ਸਾਰੇ ਵਿਸ਼ਵ ਪ੍ਰਸਿੱਧ ਲੇਖਕਾਂ ਦੀਆਂ ਉੱਤਮ ਵਿਚਾਰਾਂ ਦੀਆਂ ਪੁਸਤਕਾਂ ਪੜ੍ਹਨ ਨੂੰ ਮਿਲਦੀਆਂ ਹਨ, ਜਿਨ੍ਹਾਂ ਵਿੱਚ ਸ਼ਿਸ਼ਟਾਚਾਰ ਦੀ ਸਿੱਖਿਆ ਮਿਲਦੀ ਹੈ ਤਾਂ ਕਿ ਅਸੀਂ ਆਪਣੇ ਦਾਇਰੇ ਵਿੱਚ ਮਿਲਣ–ਗਿਲਣ ਵਾਲਿਆਂ ਨਾਲ ਚੰਗੇ ਸਬੰਧ ਬਣਾ ਸਕੀਏ। ਕਿਵੇਂ ਲੋਕਾਂ ਦੇ ਦਿਲ ਵਿਚ ਆਪਣੀ ਥਾਂ ਬਣਾ ਸਕੀਏ ਅਤੇ ਕਿਵੇਂ ਆਪਣੇ ਚੁਫੇਰੇ ਨੂੰ ਪ੍ਰਭਾਵਿਤ ਕਰ ਸਕੀਏ ਤਾਂ ਕਿ ਲੋਕ ਸਾਨੂੰ ਚੰਗਾ ਅਤੇ ਸਿਆਣਾ ਇਨਸਾਨ ਸਮਝਣ। ਅਸੀਂ ਸਮਾਜ ਵਿੱਚ ਸਤਿਕਾਰ ਦੇ ਪਾਤਰ ਬਣ ਸਕੀਏ ਪਰ ਚੰਗਾ ਮਨੁੱਖ ਹੋਣਾ ਅਤੇ ਚੰਗਾ ਮਨੁੱਖ ਬਣ ਕੇ ਵਿਖਾਉਣਾ ਇਸ ਵਿਚ ਬਹੁਤ ਫ਼ਰਕ ਹੁੰਦਾ ਹੈ ਕਿਉਂਕਿ ਜਦੋਂ ਹਿਰਦੇ ਵਿੱਚੋਂ ਨੇਕੀ ਖੁੰਢੀ ਹੋ ਜਾਵੇ ਤਦ ਸਿਸ਼ਟਾਚਾਰ ਦੀ ਲੋੜ ਪੈਂਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਵਿਹਾਰ ਨੂੰ ਵਾਚਿਆਂ ਪਤਾ ਲੱਗਦਾ ਹੈ ਕਿ ਉੱਥੇ ਸਿਆਣਪ ਅਤੇ ਸਿਸ਼ਟਾਚਾਰ ਦੀ ਜਗ੍ਹਾ ਨੇਕੀ ਹਮਦਰਦੀ ਸਦਭਾਵਨਾ ਅਤੇ ਸਦਾਚਾਰ ਦਾ ਲੋਕ ਵਿਹਾਰ ਸੀ। ਸ੍ਰੀ ਸਤਿਗੁਰੂ ਜੀ ਦੇ ਪ੍ਰੇਮ ਪਰੁਚੇ ਕਲਾਵੇ ਵਿੱਚ ਵੱਡੇ ਛੋਟੇ ਗ਼ਰੀਬ–ਅਮੀਰ ਗੁਣੀ ਜਨ ਅਤੇ ਨਿਮਾਣੇ–ਨਿਤਾਣੇ ਸਭ ਹਮਦਰਦੀ ਅਤੇ ਅਪਣੱਤ ਦੇ ਪਾਤਰ ਹੁੰਦੇ। ਸਮਾਜ ਦੇ ਹਰ ਅਦਾਰੇ ਵਿੱਚ ਬੌਧਿਕ ਪੱਧਰ ਵੇਖਣ ਲਈ IQ (Intelligence Quotient) ਵੇਖਿਆ ਪਰਖਿਆ ਜਾਂਦਾ ਹੈ ਪਰ ਸਤਿਗੁਰੂ ਜੀ ਦੇ ਚਰਨਾਂ ਵਿਚ EQ (Emotional

Quotient) ਪ੍ਰਵਾਨ ਹੁੰਦਾ। ਸਿਆਣਪ ਅਤੇ ਸੂਝ-ਬੂਝ ਨਾਲੋਂ ਆਸਥਾ ਸ਼ਰਧਾ ਜਾਂ ਭਾਵਨਾ ਹੀ ਗੁਰ ਧਰ ਪ੍ਰਵਾਨ ਹੁੰਦੀ ਹੈ। ਸ੍ਰੀ ਸਤਿਗੁਰੂ ਜੀ ਦਾ ਇਹ ਵੀ ਨਿਵੇਕਲਾ ਗੁਣ ਸੀ ਕਿ ਆਪ ਕਿਸੇ ਦੀਆਂ 10 ਖਾਮੀਆਂ ਨੂੰ ਨਜ਼ਰ-ਅੰਦਾਜ਼ ਕਰ ਕੇ ਉਸ ਦੀ ਕਿਸੇ ਇੱਕ ਖ਼ੂਬੀ ਨੂੰ ਵੇਖ ਕੇ ਉਸ ਨੂੰ ਸਲਾਹੁੰਦੇ ਵਡਿਆਉਂਦੇ। ਆਪ ਦੀ ਨਿਵਾਜਸ਼ ਸਦਕਾ ਉਸ ਸਾਧਾਰਨ ਮਨੁੱਖ ਦੀਆਂ ਖਾਮੀਆਂ ਵੀ ਖ਼ੂਬੀਆਂ ਵਿੱਚ ਤਬਦੀਲ ਹੋਣੀਆਂ ਸ਼ੁਰੂ ਹੋ ਜਾਂਦੀਆਂ। ਆਪ ਜੀ ਜਿਸ ਉਚੇਚ ਨਾਲ ਕਿਸੇ ਨਾਮੀ ਉਸਤਾਦ ਸੰਗੀਤਕਾਰ ਨੂੰ ਸੁਣਦੇ ਉਸੇ ਤਵੱਜੋ ਨਾਲ ਕਿਸੇ ਬੱਚੇ ਦੀਆਂ ਸਰਗਮਾਂ ਸੁਣ ਰਹੇ ਅਤੇ ਉਸ ਦੇ ਹੱਥ ਆਪਣੇ ਹੱਥਾਂ 'ਚ ਫੜ ਕੇ ਉਸ ਨੂੰ ਤਾਲ ਦੇਣਾ ਸਿਖਾ ਰਹੇ ਹੁੰਦੇ। ਇਥੇ ਬਸ ਨਹੀਂ ਸੂਬਾ ਸੁਰਿੰਦਰ ਕੌਰ ਦੀ ਨਿਸ਼ਕਾਮ ਅਤੇ ਸਮਰਪਣ ਭਾਵਨਾ ਗੁਰੂ ਚਰਨਾਂ ਵਿੱਚ ਪ੍ਰਵਾਨ ਚੜ੍ਹੀ, ਉਹ ਬੇਸ਼ੱਕ ਕੋਈ ਕਵਿਤਾ ਲਿਖ ਕੇ ਲਿਆਉਂਦੇ ਕੋਈ ਖੋਜ ਪੱਤਰ ਜਾਂ ਕੋਈ ਨਵਾਂ ਇਤਿਹਾਸਕ ਦਸਤਾਵੇਜ਼ ਸਭ ਤੋਂ ਪਹਿਲਾਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸੁਣਾਉਣ ਲਈ ਅਰਜ਼ ਕਰਦੇ, ਸ੍ਰੀ ਹਜ਼ੂਰ ਘੰਟਿਆਂ ਬੱਧੀ ਬੈਠ ਕਿ ਇਹ ਲਿਖਤਾਂ ਸੁਣਦੇ ਖ਼ੁਸ਼ੀਆਂ ਬਖ਼ਸ਼ਦੇ ਅਤੇ ਸੂਬਾ ਜੀ ਆਪਣੀ ਘਾਲ ਥਾਂਇ ਪਈ ਮਹਿਸੂਸ ਕਰਦੇ।

ਸਤਿਗੁਰੂ ਸੱਚੇ ਪਾਤਸ਼ਾਹ ਦਾ ਇਹ ਹੋਰ ਇਲਾਹੀ ਗੁਣ ਹੁੰਦਾ ਹੈ ਕਿ ਜੋ ਗੁਰੂ ਜੋਗਾ ਹੋ ਜਾਵੇ, ਗੁਰੂ ਉਸ ਜੋਗਾ ਹੋ ਜਾਂਦਾ ਹੈ। ਜੋ ਆਪਣੇ ਸਾਰੇ ਸੁਖ-ਦੁਖ ਅਤੇ ਸਾਰੀਆਂ ਚਿੰਤਾਵਾਂ ਗੁਰੂ ਤੇ ਸੁੱਟ ਕੇ ਪੂਰਨ ਸਮਰਪਣ ਭਾਵਨਾ ਨਾਲ ਸੇਵਾ ਕਰਦਾ ਹੈ। ਗੁਰੂ ਉਸ ਦੀਆਂ ਕੇਵਲ ਚਿੰਤਾਵਾਂ ਹੀ ਦੂਰ ਨਹੀਂ ਕਰਦਾ ਸਗੋਂ 'ਦੁਖ ਰੋਗ ਸੋਗ ਭੈ ਮਿਟੇ ਕਲੇਸਾ। ਬਹੁ ਸੁਖ ਉਪਜੇ ਅਨੰਦ ਪ੍ਰਵੇਸਾ' ਦੀ ਕਿਰਪਾ ਹੋ ਜਾਂਦੀ ਹੈ। ਇਸੇ ਤਰ੍ਹਾਂ ਦੀ ਕਿਰਪਾ ਹੋਈ ਸੂਬਾ ਸੁਰਿੰਦਰ ਕੌਰ ਤੇ ਆਪ ਦੀ ਬੇਟੀ ਰੁਪਿੰਦਰ ਕਿਸੇ ਅਸਾਧ ਰੋਗ ਦਾ ਨਾਲ ਪੀੜਤ ਸੀ, ਬੱਚੀ ਸੀ, ਜਵਾਨ ਹੋਣ ਤੇ ਵਿਆਹੁਣ ਦੀ ਗੱਲ ਤਾਂ ਦੂਰ ਦੀ, ਉਹ ਤਾਂ ਆਪਣੇ ਕਿਰਿਆ ਵੀ ਨਹੀਂ ਸੀ ਸਾਧ ਸਕਦੀ ਚਮੜੀ ਦਾ ਰੰਗ ਵੀ ਬਹੁਤ ਖ਼ਰਾਬ ਹੋ ਗਿਆ ਸੀ। ਤੁਰ ਫਿਰ ਵੀ ਨਹੀਂ ਸੀ ਸਕਦੀ, ਪਰ ਸੂਬਾ ਜੀ ਗੁਰ ਇਤਿਹਾਸ ਅਤੇ ਸ਼ਹੀਦਾਂ ਦੇ ਜੀਵਨ ਦੀ ਖੋਜ ਕਰਨ ਅਤੇ ਗੁਰੂ ਜੱਸ ਲੇਖਣ ਨੂੰ ਜੁੱਟ ਗਏ। ਆਪਣੀ ਬੱਚੀ ਵਾਸਤੇ ਅਰਦਾਸ ਹੀ ਕਰਦੇ। ਸਤਿਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਹੋਈ ਅੱਜ ਹੋਰ, ਕੱਲ ਹੋਰ, ਉਹ ਬੱਚੀ ਪੂਰੀ ਤਰ੍ਹਾਂ ਠੀਕ ਹੋ ਗਈ। ਅੱਜ ਉਸ ਬੱਚੀ ਰੁਪਿੰਦਰ ਕੌਰ ਦੇ ਦੋ ਬੱਚੇ ਗੁਰਰੂਪ ਸਿੰਘ ਅਤੇ ਗੁਰਮੀਤ ਕੌਰ ਹਨ ਆਪਣੇ ਪਤੀ ਗੁਰਦੇਵ ਸਿੰਘ ਨਾਲ ਘਰ ਪਰਿਵਾਰ ਵਿੱਚ ਸੁਖੀ ਵੱਸਦੀ ਹੈ। 16 ਅਕਤੂਬਰ 1994 ਨੂੰ ਸ੍ਰੀ ਭੈਣੀ ਸਾਹਿਬ ਅੱਸੂ ਦੇ ਮੇਲੇ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਪਦੇਸ਼ ਦੇਂਦਿਆਂ ਸੂਬਾ ਜੀ ਅਤੇ ਬੱਚੀ ਰੁਪਿੰਦਰ ਬਾਰੇ ਫ਼ਰਮਾਇਆ- "ਬੀਬੀ ਖਰਲ ਜਿਹੜੀ ਹੈ, ਇਸ ਦੀ ਕੁੜੀ ਬੀਮਾਰ ਸੀ, ਬਿਮਾਰ ਵੀ ਇਸ ਤਰ੍ਹਾਂ ਦੀ ਕਿ ਬਿਲਕੁਲ ਲੱਤਾਂ ਤੋਂ ਹੀਣੀ, ਤੁਰਿਆ ਨਹੀਂ ਸੀ ਜਾਂਦਾ। ਸਰੀਰ ਵੀ ਉਸ ਦਾ ਏਨਾ ਕਾਲਾ ਜਿਹਾ, ਚਮੜੀ ਬੜੀ ਖਰਾਬ ਹੋ ਗਈ ਸੀ। ਕੋਈ ਉਮੀਦ ਨਹੀਂ ਸੀ ਕਿ ਉਹ ਠੀਕ ਵੀ ਹੋਵੇਗੀ ਕਿ ਨਹੀਂ। ਪਰ ਇਹ ਬੀਬੀ ਸੇਵਾ ਕਰਨ ਲੱਗ ਗਈ ਤੇ ਇਹ ਕੁੜੀ ਠੀਕ ਹੋ ਗਈ ਹੈ। ਇੱਥੇ ਨਾਲ ਲੈ ਕੇ ਆਈ ਹੈ ਉਸ ਨੂੰ, ਉਹ ਤੁਰੀ ਫਿਰਦੀ ਹੈ। ਜਿਹੜੀ ਮਾੜੀ-ਮੋਟੀ ਕਸਰ ਹੈ, ਸੱਚੇ ਪਾਤਸ਼ਾਹ ਕਿਰਪਾ ਕਰਨ ਉਹ ਵੀ ਨਿਕਲ ਜਾਵੇ। ਬਿਮਾਰ ਤਾਂ ਕਿਸੇ ਦਾ ਵੀ ਹੋਣਾ ਠੀਕ ਨਹੀਂ, ਪਰ ਜਿਹੜੀਆਂ ਕੁੜੀਆਂ ਵਿਚਾਰੀਆਂ ਨੇ, ਜਿਨ੍ਹਾਂ ਨੇ ਅੱਗੋਂ ਵਿਆਹੀਆਂ ਜਾਣਾ ਹੈ, ਸਤਿਗੁਰੂ ਕਿਰਪਾ ਕਰਨ ਉਨ੍ਹਾਂ ਨੂੰ ਤਾਂ ਕੋਈ ਤਕਲੀਫ਼ ਨਾ ਆਵੇ।

ਸੰਤ ਭਗਵੰਤ ਸਿੰਘ ਅਤੇ ਸੂਬਾ ਸੁਰਿੰਦਰ ਕੌਰ ਦੀ ਸੰਤਾਨ ਇੱਕ ਸਪੁੱਤਰ ਕਾਕਾ ਯਾਦਵਿੰਦਰ ਸਿੰਘ ਅਤੇ ਸਪੁੱਤਰੀ ਰੁਪਿੰਦਰ ਕੌਰ, ਨੂੰਹ ਹਰਦੀਪ ਕੌਰ ਅਤੇ ਜਵਾਈ ਗੁਰਦੇਵ ਸਿੰਘ ਹਨ। ਪੋਤਰੇ ਯਸ਼ਵੰਤ ਸਿੰਘ ਅਤੇ ਯਮੁਨਾ ਸਿੰਘ, ਦੋਹਤਾ ਗੁਰਰੂਪ ਸਿੰਘ ਅਤੇ ਦੋਹਤੀ ਗੁਰਮੀਤ ਕੌਰ। ਪਿਛਲੇ ਕੁਝ ਵਰ੍ਹਿਆਂ ਤੋਂ ਸ. ਭਗਵੰਤ ਸਿੰਘ ਜੀ ਦੀ ਸਿਹਤ ਢਿੱਲੀ ਚੱਲ ਰਹੀ ਸੀ। ਸੂਬਾ ਜੀ ਨੇ ਆਪਣੇ ਜੀਵਨ ਸਾਥੀ ਦੀ ਸੇਵਾ ਬੜੀ ਤਨਦੇਹੀ ਨਾਲ ਕੀਤੀ। ਮਈ ਦੇ ਦੂਸਰੇ ਹਫਤੇ ਭਗਵੰਤ ਸਿੰਘ ਅਤੇ ਸੂਬਾ ਸੁਰਿੰਦਰ ਕੌਰ ਨੂੰ ਬੁਖਾਰ ਹੋਇਆ। ਕੋਰੋਨਾ ਪੌਜ਼ਿਟਿਵ ਹੋ ਗਿਆ। ਸ. ਭਗਵੰਤ ਸਿੰਘ ਤਾਂ ਘਰ ਵਿੱਚ ਹੀ ਦਵਾਈ ਬੂਟੀ ਕਰਕੇ ਰਾਜ਼ੀ ਹੋ ਗਏ ਪਰ ਸੂਬਾ ਜੀ ਨੂੰ ਬ੍ਰੇਨ ਦਾ ਅਟੈਕ ਵੀ ਹੋ ਗਿਆ। ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਿਖੇ ਕਈ ਦਿਨ ਜ਼ਿੰਦਗੀ ਅਤੇ ਮੌਤ ਵਿਚ ਸੰਘਰਸ਼ ਕਰਦਿਆਂ ਸੂਬਾ ਸੁਰਿੰਦਰ ਕੌਰ ਜੀ 30 ਮਈ ਨੂੰ ਜੀਵਨ ਯਾਤਰਾ ਸੰਪੂਰਨ ਕਰਕੇ ਸੱਚਖੰਡ ਗੁਰੂ ਚਰਨਾਂ ਵਿਚ ਜਾ ਬਿਰਾਜੇ। 31 ਮਈ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪੂਰੀ ਗੁਰ ਮਰਿਆਦਾ ਨਾਲ ਸਸਕਾਰ ਕੀਤਾ ਗਿਆ। ਅੰਤਮ ਰਸਮਾਂ ਸਮੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਅਤੇ ਮਾਤਾ ਗੁਰਸ਼ਰਨ ਕੌਰ ਜੀ ਨੇ ਉਚੇਚੇ ਦਰਸ਼ਨ ਦਿੱਤੇ।

ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿ ਧਾਰਿ॥

ਗੁਰਵਾਕ ਅਨੁਸਾਰ ਸੂਬਾ ਸੁਰਿੰਦਰ ਕੌਰ ਖਰਲ ਧੰਨਤਾ ਯੋਗ ਹਨ ਜਿਨ੍ਹਾਂ ਨੇ ਸਤਿ ਸਰੂਪ ਸਤਿਗੁਰੂ ਨੂੰ ਹਿਰਦੇ ਵਿੱਚ ਵਸਾ ਕੇ ਗੁਰੂ ਜੱਸ ਲਿਖਿਆ। ਉਹ ਹੱਥ ਵੀ ਸੋਭਾ ਪਾਉਂਦੇ ਹਨ ਜੋ ਬੇਅੰਤ ਹਰੀ ਦਾ ਜਸ ਲਿਖਦੇ ਹਨ।

ਹਰਿ ਜਸੁ ਲਿਖਹਿ ਬੇਅੰਤ ਸੋਹਰਿ ਸੇ ਹਥਾ॥

..................................................

# Suba Surinder Kaur Kharal's works

**A.S. Panesar**



A person's character can be gauged from his/her work. Suba Surinder Kaur Kharal ji was a writer par excellence. She touched many aspects of writing. Starting her writing career with a compilation of stories, she did a commendable work in research as well. Whether the research be of the Namdhari martyrs, mapping of their current family whereabouts, or collecting information about Satguru Jagjit Singh ji, from his childhood days to youth age to the assumption of the various responsibilities, Suba Kharal ji showed utmost dedication to her work, which becomes self-evident from a reading of her books. Her books are very rich in content. A lot could be said and written about her life and her experiences as told by herself. However, considering the brevity of writing space and shortage of words to express tribute to the esteemed personality who departed recently, interesting excerpts from two of her many books is given, which should be an appropriate way to introduce the writer and her work to the young generation.

***1. Prakash Punj***

The book 'Prakash Punj' means the 'treasure trove of enlightenment', and is the apt title for a work that revolves around the remarkable personality of Sri Satguru Jagjit Singh ji. It prvides a glimpse of Satguru ji's life since his childhood days. Suba ji put a lot of effort in writing the various sections, by consulting contemporary sources for cross references, as well as interviewing the childhood care-takers, friends, teachers, who spent time with Satguru ji.

We come to know from the book that Satguru partap Singh ji used to stay in *Neelon* canal residence, in a thatched hut quite often, for the place is suitable for meditation in solitude. Only a few attendants, along with horses, used to stay with Satguru ji. On the other hand, Beant ji (childhood name of Satguru Jagjit Singh ji) and Mata Bhupinder Kaur ji used to stay with Mata Jeewan Kaur ji at Sri Bhaini Sahib.The attendants staying with Satguru Partap Singh ji longed to have a glimpse of the beautiful Beant ji. They, one day, thus requested:

*When Sri Satguru Partap Singh ji was at the Bir, and Akhand Paaths were being performed there, at that time Mata Bhupinder Kaur ji and Beant ji were at Bhaini Sahib. One day, the horse attendants' group decided that Beant ji may be brought to the Bir, so that they would play and enjoy, and they would ride him on the horses, he would stay with them. All of them started thinking that while requesting for this, someone else may also be taken along with.*

*Generally, no one could speak in front of Sri Satguru Partap Singh ji, unless very important. The group of horse attendants and Jathedar Gurmukh Singh Jhabbar ji took Sant Sohan Singh and Sant Bahadur Singh along with and humbly requested to Sri Satguru ji, "We want to bring Mata Bhupinder Kaur ji and Beant ji here."*

However, arrangements were required to be made at *Neelon* canal residence to accommodate Beant ji and Mata Bhupinder Kaur ji. Moreover, Mata Jeewan Kaur ji did not use to leave Beant ji in anyone else's company. Yet, due to their sheer devotion, the horse attendants' group not only brought Beant ji at *Neelon*, at the same time, donated a bricked house that Jhabbar ji owned, in the service of Beant ji and Mata ji. This way, they fulfilled their wish of playing with beautiful Beant ji, and Beant ji got the opportunity of continuous presence of Satguru Partap Singh ji since his tender age.

After this period of playing and enjoying, now was the time of Beant ji's education. The book informs us that Satguru Partap Singh ji was very particular about strict discipline:

*The childhood and the period of education of Sahibzada Beant ji did not pass in luxurious life, easy living and carelessness like any prince, rather special attention was paid to hard work, discipline and strict care. Once somebody told Sri Satguru Partap Singh ji that Mukhtiars (supervisers) behave very strictly with your children, to this, Satguru ji replied, "They are my children, why do you bother for that? I know what is wrong and what is right."*

The book notes the names of Beant ji's attendants. Beant ji was taught all things, which is a lesson for today's generation as well.

*Once a Sikh seeing Beant ji cleansing the utensils of the Sadh-Sangat, requested to Sri Satguru Partap Singh ji:*

*"O Sache Patshah ji! Your Sahibzada should not cleanse the utensils. We ourselves get this chance very rarely."*

*Sri Satguru Partap Singh ji said,*

*"You let him learn the manner of serving the Sadh-Sangat, and also perform the Ardas (prayer) that the Sache Patshah ji should bless him with keen desire and confidence to serve the Sadh-Sangat. Sri Satguru Ram Singh ji used to wake up in the early morning and changing his attire, used to help the Sikhs in bathing, even though upon recognizing Satguru ji, Sikhs used to request that 'O Sache Patshah ji! you please don't burden us with this obligation', but Satguru ji used to say, "I consider these moments as invaluable to me, who knows whether this time is obtained again or not." Sri Satguru Partap Singh ji also used to serve personally. So much so that sometimes he used to cut the woods and would send them to the langar after loading themon the carts.*

From the book, we come of know about the saints, whose company Beant ji enjoyed. Also, the teachers who taught at *Namdhari Vidyalaya* have been mentioned. One peculiar personality, who taught English at the school, was Sri Bhola Ram Mehta ji.

*Sri Bhola Ram ji Mehta was a great scholar of English. He used to write the Trade Diary of India. Mehta ji had gone to England at the age of five years and had studied at Cambridge University there, residing with his maternal grandfather. He was M.A in English. Mehta ji had been a very senior Government*

*officer at the centre. When he got frustrated there, he joined the Congress party, but he again developed apathy and then became a Sanyasi (ascetic). In 1936-37, the teacher of Gatka (Sikh martial arts) of Beant ji, Ustad Natha Singh ji brought Mehta ji from Gujranwala to Sri Bhaini Sahib in the service of Sri Satguru Partap Singh ji. As per the order of Sri Satguru ji, Mehta ji took the service of English teaching in the Namdharischool, and remained at Sri Bhaini Sahib till his last days.*

Sri Bhola Ram Mehta ji was highly attached to Satguru ji and remained till the last breath of his death. Sri Bhaini Sahib has always functioned as a safe sanctuary for the people who have detached themselves from the worldly affairs or who choose to fight the unjust governance systems.

Further, we come of know of the extraordinary humility of Satguru ji, to which all in the Sangat are otherwise familiar also. One interesting incident is described in the book:

*Horse named Jai Bharat was yoked to the tonga, which had been victorious in many races. The Canal Residence was at about six miles away from Sri Bhaini Sahib. In the fields, while going, the horse got scared from something and stopped, and it got adamant not to move. Because of the stubbornness of the horse, attendant Labh Singh got very enraged. He felt that he should beat the horse with sticks. Seeing his attitude, Beant ji instructed him, "Labh Singh, you are not to beat the horse."*

*Beant ji and the attendant Labh Singh got down from the tonga and sat away. After sometime being uneasy, Labh Singh again requested to Beant ji, "Fifteen minutes have passed that this horse is standing here, in such a way it is not going to move. It is time of your meals too."*

*"No matter, after all it would also be hungry after some time," Beant ji said very calmly.*

*Labh Singh kept mum, but seeing uneasiness increasing upon his face, Beant ji again directed, "Don't worry, when it would move with its own sweet will, we would move then. You are not to treat with the horse rudely."*

*Attendant Labh Singh Fatta said 'alright', but when half an hour passed, then he could not control himself, and said, "Without beating, it would not be alright."*

*"No, you do not have to do this." Beant ji again instructed not to beat the horse.*

*After about forty five minutes, the horse moved. Beant ji and the attendant sat in the tonga. Seeing Beant ji's calm and patience, Sant Labh Singh folded his hands, bending his head, said, "Maharaj, you are great. I would have beaten the horse very badly, your compassion is unique."*

The book uses the holy discourses of Satguru Jagjit Singh ji as a source of information as well. In one place, Satguru ji is note saying:

*"Worldly comforts were very much there, there was no lack of anything. But Satguru ji had made me so that I used to milk the cow myself, feed it, medicate it, cut the fodder, wash own clothes, set the bedding by myself, do riding, play polo etc., all this was taught to me by Sri Satguru ji.*

*He taught me yoking the horse to the tonga with my own hands. Satguru ji taught me preparing Misri, patasha (crystallised and swelled sugar candies) etc. himself. Sri Satguru ji taught me racing, wrestling, jumping, music,*

*Sanskrit etc. I used to live with six-seven school boys. He taught us weaving cloth on the loom. We used to weave very fine cloth. Once, we wove so fine a cloth (Khaki Tasa) that we wore it for seven years, but it did not tear off."*

The book notes conversation, which are rarely found in other sources, like the following conversation between Satguru partap Singh ji and Bhai Nahar Singh historian, who compiled the British reports and correspondence related to Namdhari movement.

*Satguru Partap Singh ji said, "Bhai Nahar Singh ji! Vadde Kaka ji is not a human only, but he is a spiritual thinker also. We have the boon and curse of God with us only, but this Kaka is the master of spiritual powers. Sikhi would flourish too much during his period."*

Satguru Partap Singh ji described Vadde Baba ji (Satguru Jagjit Singh ji) as 'chintanwan'.

*"Asked about the meaning of Chintanwan, it was told that Chintanwan is he who when thinking of anything and even on his indication by hand, everything would be performed."*

Interestingly, the book notes one more unique feature of Satguru Jagjit Singh ji's personality, which was intolerance to disrespect shown to Satguru Partap Singh ji. An incident is noted as follows:

*There is an incident of the days after the partition of the country. Once Sri Satguru Partap Singh ji went to Jalandhar Secretariat to meet S. Sant Parkash Singh IG Police (who was previously DIG Railways) in connection with some work. Sri Satguru Partap Singh ji kept waiting in the car outside, but he did not turn up. When Vadde Baba ji came to know of it from the attendant-in-presence Sant Rattan Singh that S. Sant Parkash Singh has not shown due respect to Sri Satguru Partap Singh ji, then he could not tolerate this thing and he himself went to that officer and told him, "Are you not ashamed to behave in such a manner with the respected Sri Satguru ji?" S. Sant Parkash Singh told him." S. Swaran Singh Minister is not in good terms with me, when Sri Satguru Partap Singh ji came to me at that time I was busy on telephone with S. Swaran Singh, and I had told the peon to make Sri Satguru ji seated in the room." Vadde Baba ji rebuked him badly that he has shown disrespect to Sri Satguru ji. Due to stern scolding by Vadde Baba ji, S. Prakash Singh requested Sri Satguru Partap Singh ji and requested that he may please be got spared from Vadde Baba ji. According to Vadde Baba ji, how can anybody dare to show disrespect to Satguru ji on our face? It would be our weakness, that person should not be spared, he should be made to feel his mistake and cling to him so sternly that he should try hard to get himself spared.*

Thus, by narrating the incidents and cross-referencing different literary sources and the holy discourses of Satguru ji, the book is really a treasure-trove and answers many questions related to spiritualism and religion.

***2. Lukkeya Sachh***

The book '*Lukkeya Sachh*' means the 'hidden truth'. This book is compilation of the Punjab State Archive documents, related to Kuka movement, originally written in Urdu and Persian. Particularly, these document deal with the Amritsar, Raikot and Malerkotla incidents, and the services rendered by Native princely states to the British Empire, during those

critical times. Suba ji, with the blessings of Satguru Jagjit Singh ji, took all the pains in finding a genuine person for the translation of the above documents in Punjabi. This is a great service that she rendered, since with this compilation, many narratives of Namdhari history, are proven factually correct, and the corresponding imperial versions are falsified or exposed. The documents reveal many facets of the contemporary history covered by it.

Through them, the sheer inferiority complex that the officers of native princely states that degraded to, is exposed. The incidents that happened at Malerkotla in 1872, where the butchers were killed by the Namdhari Sikhs following some serious events, and the Namdhari Sikhs, who had surrendered, were murdered by the imperial British and native state authorities, without any judicial trial.

A letter written by Ali Mohammad Khan to his superior Mohammad Qazim (Patiala) talks about sending of troops to Malerkotla to quell the rebellion. More important, is the motive of the words expressed. In the same letter, the wife of Deputy Commissioner Cowan has also been mentioned. She was coordinating from Ludhiana and sending SOS messages to various princely states like Patiala, Nabha, Jind, Sangrur etc.

Ali Mohammad Khan explicitly mentions in his letter to his senior, '*You should send your troops at the earliest, so that they reach Kotla before the troops of Jalandhar, so that the Maharaja earns a good name in the British circles. If the Jallandhar troops reached earlier, this opportunity will be lost*'. The eagerness to earn reputation with the imperial British Government demonstrates the non-Indian character of the natives of those times.

The documents reveal how frightened the native soldiers were of the Namdhari Sikhs.

The *Thanedar* of Bhawanigarh wrote an SOS message to the authorities to increase their guard:

'*So, this servant hopes from the Government Patiala, that from the platoons deployed at roadside, one guard platoon, fifteen cavalrymen shall be given, till the arrest of the rioters, otherwise this servant's life will be sacrificed in the name of Government. Moreover, I have mentioned the same to Nazim Sahib also*'.

These documents also point to the exemplary fearlessness of the Kuka Sikhs. In a letter by Niaz Ali, he mentioned that, '*Kukas did not agree to their wounds being dressed (by the British surgeon)*'.

These documents reveal the extraordinary oriental flattery of the native officers. Mentioning about the harassment of Deputy Commissioner Lambert Cowan at the hands of child Bishan Singh, the native officer is very cautious not to mention that Cowan was held up from his beard! This, the native officer, in most probability would have thought, of resulting in making Cowan a laughing stalk of the town. In fact, the English report as well as Henry Cotton's memoirs (Henry Cotton never met Cowan personally) mention this fact that Cowan was held up by beard. But for the poor native officer, well-versed in oriental manners, and a loyal well-wisher of the English Government and officer, it was not possible to reveal this detail. Rest all, he mentioned explicitly, so clear that such an account has not

come in any other report,

*One Kuka, when they were taken to cannon, made such an attack on me and Sahib Bahadur (Cowan) that in his hands, Sahib Bahadur got caught and he stuck to Sahib Bahadur, that what to say about it. Sahib Bahadur, who is very strong, fought with him fiercely. Then Uttam Singh Thanedar and Shekh Barkat Ali etc stuck to him (Kuka), but with great difficulty released Sahib Bahadur ate he (Kuka) was struck and struck with swords, and murdered there itself.*

Such a detailed account of the incident, as well as the name of executioners, is completely missing from the British documents.

In a letter by Niaz Ali Hussain, the exemplary bravery, their motivation and fearlessness is described in the most clear words,

*When the Kukas were blown away with cannons, then although they knew clearly that everyone would be executed, yet in that condition also, they could be seen proclaiming Guru Ram Singh as their leader and believed that this all is the marvel of Guru Ram Singh. Guru Ram Singh has scored higher than the proponents of the old religion.*

These documents also point to religious persecution and provide proxy evidence to the fact that Namdhari Sikhs involved in the Amritsar incident of 1871 surrendered themselves voluntarily, and were not arrested by the British authorities, as otherwise claimed in the British reports. Thus, this book is a valuable resource for a look into contemporary history.

### *3. Namdhari Shaheed*

The book '*Namdhari Shaheed*' is a compilation of the family trees of the Namdhari martyrs. This is a grea research work, which must have required incredible hard work, patience and perseverance by the author. Its implications are far-reaching. Generally, Namdhari history and its sources have got little attention. With the renewed interest in Indian history, especially the phase of India's struggle against colonialism, the work done by Suba ji assumes great importance. In 2019, Ministry of Culture, Government of India released a 'Dictionary of Martyrs (1857-1947)'. In this compilation, the names of the Namdhari martyrs are not mentioned individually. But even the mapping of the present families of the martyrs is already done. This data may be used to ask the competent authorities to update their list in the dictionary, as well as facilitate the present members of the martyr's families, who had sacrificed their lives for the cause of India's future. Moreover, Namdhari martyrs had acted with the intention of sacrificing their lives, and were not killed in any unprecedented accidents.


A website: www.subasurinderkaur.com provides more information about the life and works of Suba ji. She was compiling more books and was active in writing. Her work will keep inspiring the next generation of writers, and will be useful as a source of various facets of Namdhari culture.

..........................................................

# ਬੀਤੇ ਦੀਆਂ ਪੈੜਾਂ

## (ਅਣਛਪਿਆ-ਭਾਗ)

(ਪਿਛਲੇ ਅੰਕ ਤੋਂ ਅੱਗੇ)



**ਪ੍ਰੀਤਮ ਸਿੰਘ ਕਵੀ**

**(23-9-1986)**

ਸ੍ਰੀ ਸਤਿਗੁਰੂ ਜੀ ਨੂੰ ਵਿੱਚ ਪਾ ਕੇ ਮੇਰੇ ਨਾਲ ਲਿਖਤ ਪੜਤ ਕੀਤੀ ਗਈ ਸੀ। ਹੰਸਪਾਲ ਜੀ ਕਿਆ ਸਤਿਗੁਰੂ ਜੀ ਨੂੰ ਵਿੱਚ ਲਿਆ ਮੇਰੇ ਪਾਸੋਂ 18 ਫ਼ੀਸਦੀ ਸੂਦ ਦੀ ਥਾਂ 9 ਫੀਸਦੀ ਕਰਵਾ ਲਿਆ ਅਤੇ ਜੋ 25 ਲੱਖ ਰੁਪਏ ਬੇਲਿਖਤੇ ਸਨ, ਉਹਦਾ ਸੂਦ ਉਕਾ ਹੀ ਖਤਮ ਕਰਵਾ ਲਿਆ। ਪਰ ਇਕਰਾਰ ਅਤੇ ਲਿਖਤ ਮੁਤਾਬਕ ਜੋ ਵੀ ਇਹਨਾਂ ਪਾਸ ਰਕਮ ਆਉਂਦੀ ਸੀ, ਉਹ ਮੈਨੂੰ ਮਿਲਣੀ ਸੀ। ਅੱਜ ਉਨ੍ਹਾਂ ਦੇ ਸੌਦੇ ਵਿੱਚ 12-14 ਲੱਖ ਰੁਪਏ ਦਾ ਜ਼ਿਕਰ ਹੋਣਾ ਤੇ ਲੈਣ ਦੇਣ ਸੁਣਕੇ, ਇਸ ਵਾਅਦਾ ਖਿਲਾਫ਼ੀ ਦਾ ਚਿਤ ਨੂੰ ਦੁੱਖ ਹੋਇਆ ਹੈ। ਜਦੋਂ ਮੈਂ ਇਹ ਗੱਲ ਸੱਚੇ ਪਾਤਸ਼ਾਹ ਜੀ ਨਾਲ ਕੀਤੀ ਤਾਂ ਉਨ੍ਹਾਂ ਬਚਨ ਕੀਤਾ : ਕੀ ਤੁਸੀ ਸੋਚ ਸਕਦੇ ਹੋ ਕਿ ਮੈਂ ਤੁਹਾਡੇ ਨੁਕਸਾਨ ਵਿੱਚ ਹੋਵਾਂਗਾ? ਮੈਂ ਇਸ ਤੋਂ ਵੱਧ ਹੋਰ ਕੀ ਕਹਿ ਸਕਦਾ ਸਾਂ : ਆਪ ਜੀ ਬਾਰੇ ਮੈਨੂੰ ਸ਼ੰਕਾ ਤਾਂ ਨਹੀਂ ਸੀ ਪਰ ਜਿਹੜਾ ਇਹ ਗੁਪਤ ਸੌਦਾ ਹੋਣਾ ਹੈ ਅਤੇ ਮੈਨੂੰ ਇਹ ਰਕਮ ਨਹੀਂ ਮਿਲਣੀ, ਇਹ ਤਾਂ ਮੈਨੂੰ ਹਿਲਾ ਕੇ ਰੱਖ ਧਰਨ ਵਾਲੀ ਗੱਲ ਹੈ। ਅਤੇ ਇਸ ਕੇਸ ਤੇ ਸੰਬੰਧਤ ਹੋਰ ਅਨੇਕਾਂ ਗੱਲਾਂ ਹੋਈਆਂ। ਸੇਠ ਜੀ ਮੈਨੂੰ ਪਹਿਲੀ ਵਾਰ ਹੀ ਏਨੇ ਪਰੇਸ਼ਾਨ ਨਜ਼ਰ ਪਏ।

ਉਨ੍ਹਾਂ ਦੀ ਇਸ ਗੱਲ ਤੇ ਮੈਂ ਵੀ ਝੰਝੋੜਇਆ ਗਿਆ।

**ਸੰਤ ਨਰਾਇਣ ਸਿੰਘ ਸੇਠੀ ਵਲੋਂ ਮੇਲਾ -** ਅੱਜ ਨਮਧਾਰੀ ਧਰਮਸ਼ਾਲਾ 55 ਵਿੱਚ ਸ਼ਾਮ ਦਾ ਮੇਲਾ ਸੰਤ ਨਾਰਾਇਣ ਸਿੰਘ ਸੇਠੀ ਵਲੋਂ ਹੈ। ਪਹਿਲਾਂ 5 ਤੋਂ 6 ਨਾਮ ਸਿਮਰਨ ਅਤੇ ਇਸ ਦੇ ਵਿਚਾਲੇ ਹੀ ਪਾਠਾਂ ਦੇ ਭੋਗ ਪੈਣੇ ਸ਼ੁਰੂ ਹੋ ਗਏ। ਇਹ ਭੋਗ ਵੀ ਸੰਤ ਨਰੈਣ ਸਿੰਘ ਸੇਠੀ ਵਲੋਂ ਸ੍ਰੀ ਸਤਿਗੁਰੂਆਂ ਨਮਿਤ ਅਤੇ ਆਪਣੇ ਪਿਤਾ-ਮਾਤਾ ਨਮਿਤ ਸਨ।

ਗੁਰੂ ਕੀ ਹਜ਼ੂਰੀ ਵਿੱਚ ਰਾਗੀਆਂ ਦਾ ਕੀਰਤਨ ਨਾ ਹੋ ਕੇ ਹੱਲੇ ਦਾ ਦੀਵਾਨ ਸਜਿਆ। ਸੰਤ ਹਰਭਜਨ ਸਿੰਘ ਪਰਵਾਨਾ ਅਤੇ ਸੂਬਾ ਕਿਰਪਾਲ ਸਿੰਘ ਜੀ ਵਾਜੇ ਲੈ ਕੇ ਬੈਠੇ, ਸੰਤ ਨਰੈਣ ਸਿੰਘ ਸੰਤ ਨਗਰੀਏ ਢੋਲਕੀ ਫੜ ਲਈ ਅਤੇ ਹੋਰ ਕੀਰਤਨ ਕਰਨ ਵਾਲੇ ਸਨ, ਸੰਤ ਜਸਪਾਲ ਸਿੰਘ ਸਚਦੇਵ, ਸੇਠ ਗੁਰਮੁਖ ਸਿੰਘ ਸਚਦੇਵ, ਸੰਤ ਬਿਅੰਤ ਸਿੰਘ ਸੋਖਲ ਅਤੇ ਸੰਤ ਹਰਭਜਨ ਸਿੰਘ ਨਿਰਮਲ ਆਦਿ।

ਕੀਰਤਨ ਦਾ ਖੂਬ ਆਨੰਦ ਬਣਿਆ। ਉਪਰੰਤ ਕਾਕਾ ਗੁਰਸੇਵ ਸਿੰਘ (8) ਸਪੁੱਤਰ ਸ. ਜਸਬੀਰ ਸਿੰਘ ਸੇਠੀ ਨੇ ਥਾਈ ਜ਼ਬਾਨ ਵਿੱਚ ਉਸਨੂੰ ਗੁਰੂ ਰਾਮ ਸਿੰਘ ਜੀ ਦੇ ਪ੍ਰਤੱਖ ਦਰਸ਼ਨ ਹੋਣ ਦੀ ਵਾਰਤਾ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਸੁਣਾਈ। ਮੈਂ ਇਸਦਾ ਪੰਜਾਬੀ ਅਨੁਵਾਦ ਸੁਣ ਸਮਝ ਨਹੀਂ ਸਕਿਆ।

ਫਿਰ ਸ੍ਰੀ ਸਤਿਗੁਰੂ ਜੀ ਨੇ ਸੰਤ ਨਰਾਇਣ ਸਿੰਘ ਸੇਠੀ ਨੂੰ ਆਪ ਕਿਰਪਾ ਕਰਕੇ ਹੁਕਮ ਕੀਤਾ ਕਿ ਉਹ ਗੁਰੂ ਹਰੀ ਸਿੰਘ ਜੀ ਨਾਲ ਸੰਬੰਧਤ ਬਚਨ ਸੁਣਾਣ। ਸਾਧ ਸੰਗਤ ਦੀ ਭਰਪੂਰ ਹਾਜ਼ਰੀ ਵਿੱਚ ਸੰਤ ਜੀ ਨੇ ਮਾਈਕ ਸਾਹਵੇਂ ਰੋ ਦੱਸਿਆ ਕਿ ਉਹਨਾਂ ਦੇ ਪਿਤਾ ਸੰਤ ਜੈ ਸਿੰਘ ਸੇਠੀ ਪਿੰਡ ਬੈਂਕਾ ਚੀਮਾ ਜ਼ਿਲ੍ਹਾ ਗੁਜਰਾਂਵਾਲਾ ਅਤੇ ਮਾਤਾ ਮਥੁਰਾ ਦੇਵੀ ਜੀ ਨੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨਾਲ ਗੂੜ੍ਹੇ ਪ੍ਰੇਮ ਵਿੱਚ ਸਮਾਂ ਬਿਤਾਇਆ ਅਤੇ ਇਹ ਪ੍ਰੇਮ ਭਜਨ ਪੁੱਛਣ ਤੋਂ ਲੈ ਅਖੀਰਲੇ ਦਮ ਤੱਕ ਇਕਸਾਰ ਰਿਹਾ। ਨਰਾਇਣ ਸਿੰਘ ਜੀ ਨੇ ਵੀ ਗੁਰੂ ਹਰੀ ਸਿੰਘ ਜੀ ਦੇ ਇੱਕ ਵਾਰ ਦਰਸ਼ਨ ਕੀਤੇ ਜਦੋਂ ਇਹਨਾਂ ਦੇ ਪਿੰਡ ਮੇਲਾ ਹੋਇਆ। ਓਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਕਿਸੇ ਸਿੱਖ ਦੇ ਕੰਧਾੜੇ ਚੜ੍ਹ ਕੇ ਹੀ ਉਸ ਮੇਲੇ ਵਿੱਚ ਗੁਰੂ ਹਰੀ ਸਿੰਘ ਜੀ ਨਾਲ ਆਏ ਸਨ।

ਇਹਨਾਂ ਦੇ ਪਿਤਾ ਸੰਤ ਜੈ ਸਿੰਘ 1939 ਵਾਲੀ, ਦੂਜੀ ਸੰਸਾਰ ਜੰਗ ਲਗਣ ਤੋਂ ਕੁਝ ਹੀ ਦਿਨ ਪਹਿਲਾਂ ਗੁਜ਼ਰੇ ਅਤੇ ਉਹਨੇ ਮ੍ਰਿਤੂ ਤੋਂ 5-7 ਦਿਨ ਪਹਿਲਾਂ ਹੀ ਘਰ ਪਰਿਵਾਰ ਨੂੰ ਦੱਸ ਦਿੱਤਾ ਕਿ ਉਨ੍ਹਾਂ ਦੀ ਜੀਵਨ-ਖੇਡ ਮੁੱਕ ਗਈ ਹੈ। ਮਾਤਾ ਜੀ ਪਿੱਛੋਂ ਪੂਰੇ ਹੋਏ ਪਰ ਜੀਵਨ ਪ੍ਰਯੰਤ ਅੰਮ੍ਰਿਤ ਵੇਲੇ 4 ਵਜੇ ਦਾ ਇਸ਼ਨਾਨ ਅਤੇ ਭਜਨ ਬਾਣੀ ਦਾ ਨੇਮ ਚੱਲਦਾ ਰਿਹਾ।

ਇਸ ਸੰਤ ਗਾਥਾ ਤੋਂ ਮਗਰੋਂ ਪੰ. ਗੋਪਾਲ ਸਿੰਘ ਜੀ ਨੇ 10 ਕੁ ਮਿੰਟ ਵਿੱਚ ਸਾਡੀ ਵਰਤਮਾਨ ਜ਼ਿੰਦਗੀ ਕਿਵੇਂ ਬਾਜ਼ਾਰ ਅਤੇ ਧਰਮਸਾਲਾ ਵਿੱਚ ਅੰਤਰ ਰੱਖਦੀ ਹੈ, ਇਸੇ ਵਿਸ਼ੇ ਤੇ

ਭਾਵਪੂਰਤ ਚਾਨਣਾ ਪਾਇਆ। ਅੱਜ ਦਾ ਲੰਗਰ ਵੀ ਸੇਠੀ ਪਰਵਾਰ ਵਲੋਂ ਹੀ ਆਪਣੇ ਮਾਤਾ ਪਿਤਾ ਦੀ ਸਿਮ੍ਰਤੀ ਵਿੱਚ ਕੀਤਾ ਗਿਆ।

**ਚੈਂਬਰਜ਼ ਆਫ ਕਾਮਰਸ ਵਿਖੇ ਦਰਸ਼ਨ –** ਰਾਤੀਂ 8.30 ਤੋਂ 10 ਵਜੇ ਤੱਕ ਸੱਚੇ ਪਾਤਸ਼ਾਹ ਜੀ ਨੇ ਇੰਡੀਅਨ ਚੈਂਬਰਜ਼ ਆਫ ਕਾਮਰਸ ਵਿੱਚ ਦਰਸ਼ਨ ਦਿੱਤੇ। ਏਥੇ ਅੱਜ ਬੈਡਮਿੰਟਨ ਦੇ ਇਨਾਮੀ ਮੁਕਾਬਲੇ ਸਨ। ਸ੍ਰੀ ਸਤਿਗੁਰੂ ਜੀ ਦੀ ਨਿਕਟਤਾ ਵਿੱਚ ਬੈਠ ਸੇਠ ਤਰਲੋਕ ਸਿੰਘ, ਸੇਠ ਸੁਰੰਮ੍ਰਿਤ ਸਿੰਘ, ਸੇਠ ਗਜਿੰਦਰ ਸਿੰਘ ਅਤੇ ਸੇਠ ਜਗਦੀਸ਼ ਸਿੰਘ ਨਰੂਲਾ ਨੇ ਖੇਡ ਵੇਖੀ। ਪ੍ਰਧਾਨ ਜਸਪਾਲ ਸਿੰਘ ਅਤੇ ਸ. ਅਵਤਾਰ ਸਿੰਘ ਗੋਰੇਵਾੜਾ ਨੇ ਦੁੰਹ ਜਵਾਨਾਂ ਨਾਲ ਖੇਡ ਦਿਖਾਈ ਅਤੇ 17-15 ਨਾਲ ਜਿੱਤੇ ਪਰ ਸਿੰਗਲ ਵਿੱਚ ਸੇਠ ਜਸਪਾਲ ਸਿੰਘ, ਸ਼੍ਰੀ ਹਰਪ੍ਰੀਤ ਪਾਲ ਸਿੰਘ ਸਪੁੱਤਰ ਸ. ਬੇਅੰਤ ਸਿੰਘ ਤੋਂ 4-15 ਨਾਲ ਹਾਰ ਗਏ। ਸੇਠ ਜਸਪਾਲ ਸਿੰਘ ਸੁੱਜੇ ਹੋਏ ਪੈਰ ਨਾਲ ਖੇਡ ਰਹੇ ਸਨ। ਪਰਸੋਂ ਦਾ ਪੈਰ ਮੁੜਿਆ ਹੋਇਆ ਹੈ।

**ਕਾਕਾ ਗੁਰਸੇਵ ਸਿੰਘ ਨੂੰ ਦਰਸ਼ਨ ਕਿਵੇਂ? –** ਪਿੱਛੇ ਮੈਂ ਲਿਖਿਆ ਸੀ ਕਿ ਸ਼੍ਰੀ ਗੁਰਸੇਵ ਸਿੰਘ (8) ਨੇ ਆਪਣੀ ਵਿਥਿਆ ਗੁਰੂ ਕੇ ਦਰਸ਼ਨ ਸੁਪਨੇ ਵਿੱਚ, ਸੁਣਾਈ ਉਸਦਾ ਪੰਜਾਬੀ ਅਨੁਵਾਦ :

ਮੈਨੂੰ ਸਤਿਗੁਰੂ ਜੀ ਦੇ ਦਰਸ਼ਨ ਇਸ ਤਰ੍ਹਾਂ ਹੋਏ ਕਿ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇੱਕ ਖਾਕੀ ਘੋੜੀ ਤੇ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਕਾਲੀ ਘੋੜੀ ਤੇ ਸਵਾਰ ਹਨ। ਸਾਡੇ ਘਰ ਦੋਹਾਂ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਤਾਂ ਮੈਂ ਉੱਠ ਕੇ ਨਮਸਕਾਰ ਕੀਤੀ। ਮੇਰੇ ਪਿਤਾ ਜੀ (ਸੰਤ ਜਸਬੀਰ ਸਿੰਘ) ਨੇ ਉੱਠ ਕੇ 80-80 ਟਿਕਲ ਮੱਥਾ ਟੇਕੇ। ਮੇਰੀ ਮਾਤਾ ਜੀ ਨੇ 40-40 ਟਿਕਲ ਭੇਟਾ ਧਰੇ। ਮੈਂ 5-5 ਟਿਕਲ ਅਤੇ ਮੇਰੇ ਛੋਟੇ ਭਰਾ ਨੇ 50-50 ਪੈਸੇ ਚਰਨਾਂ ਵਿੱਚ ਰੱਖੇ। ਸਤਿਗੁਰੂ ਰਾਮ ਸਿੰਘ ਜੀ ਨੇ ਤਾਂ ਕੋਈ ਬਚਨ ਨਹੀਂ ਕੀਤਾ ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਰੀ ਮਾਤਾ ਪਾਸੋਂ ਗੁੜ ਮੰਗਿਆ। ਮੇਰੀ ਮਾਤਾ ਤੋਂ ਗੁੜ ਲੈ ਕੇ ਦੋਵੇਂ ਸਤਿਗੁਰੂ ਅਲੋਪ ਹੋ ਗਏ।

**24 ਸਤੰਬਰ 1986, ਬੁੱਧਵਾਰ**
**ਬੈਂਕੋਕ, ਥਾਈਲੈਂਡ**

**ਸੰਤ ਨਰੂਲਾ ਜੀ ਦੇ ਘਰ ਦੀਵਾਨ –** ਅੱਜ ਆਸਾ ਦੀ ਵਾਰ ਦਾ ਸੁਕੀਰਤਨ ਸ਼੍ਰੀ ਪ੍ਰਤਾਪ ਵਿਲਾ ਵਿਖੇ ਸਾਡੇ ਮਿੱਤਰ ਸੰਤ ਨਰੈਣ ਸਿੰਘ ਨਰੂਲਾ ਸਕੱਤਰ ਨਾਮਧਾਰੀ ਸੰਗਤ ਥਾਈਲੈਂਡ ਦੇ ਫਲੈਟਾਂ ਵਿਖੇ ਸੀ। ਸੰਤ ਮਹਿੰਦਰ ਸਿੰਘ ਅਮ੍ਰਿਤਸਰੀ, ਸਕੱਤਰ ਤਰਸੇਮ ਸਿੰਘ, ਪੰ. ਗੋਪਾਲ ਸਿੰਘ, ਸੰਤ ਹਰਬੰਸ ਸਿੰਘ ਘੁੱਲਾ ਤੇ ਮੈਨੂੰ ਆਪਣੀ ਕਾਰ ਤੇ ਡੇਰਿਓਂ ਉਠਾ ਕੇ ਲੈ ਗਏ। ਸੁੱਤੇ ਪਿਆਂ ਬੈਂਕੋਕ ’ਤੇ ਬਰਸਾਤ ਵੀ ਮਿਹਰਬਾਨ ਹੋਈ ਲੱਗਦੀ ਸੀ। ਸੜਕਾਂ ਗਿੱਲੀਆਂ ਸਨ। ਜਾਂ ਦੀਵਾਨ ਸਥਾਨ ਤੇ ਪਹੁੰਚੇ ਤਾਂ ਦੁੰਹਾਂ ਫਲੈਟਾਂ ਵਿੱਚ ਸੰਗਤ ਹੀ ਸੰਗਤ ਸੀ। ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਸਭਨਾਂ ਲਈ ਸੂਰਜ ਵਤ ਸੀ। ਅੱਜ ਵੀ ਕੀਰਤਨ ਵਾਰੇ ਵਾਲੇ ਜਥੇ ਦਾ ਸੀ। ਕੱਲ੍ਹ ਵਾਲੇ ਸਿੰਘ ਹੀ ਕੀਰਤਨ ਕਾਰ ਸਨ। ਹਾਂ, ਸੰਤੋਖ ਸਿੰਘ ਸਾਜਨ ਅਤੇ ਬਲਬੀਰ ਸਿੰਘ ਢਿੱਲੋਂ ਦੀ ਜੋੜੀ ਵੀ ਸਹਿਯੋਗ ਦੇ ਰਹੀ ਸੀ।

ਅਨੰਦ ਭਰਿਆ ਇਹ ਕੀਰਤਨ 5.45 ਤੱਕ ਜਾਰੀ ਰਿਹਾ। ਨਰੂਲਾ ਜੀ ਦੁਆਰਾ ਹੀ ਕੀਤੀ ਅਰਦਾਸ ਉਪਰੰਤ ਸ੍ਰੀ ਸਤਿਗੁਰੂ ਜੀ ਤੇ ਹਜ਼ੂਰੀ ਜਥੇ ਵਾਸਤੇ ਫਲਾਹਾਰ ਅਤੇ ਸੰਗਤ ਲਈ ਨਰੂਲਾ ਪਰਵਾਰ ਵਲੋਂ ਨਾਸ਼ਤਾ ਹਾਜ਼ਰ ਸੀ। ਸ਼ਰਧਾ, ਸਤਿਕਾਰ ਅਤੇ ਪ੍ਰੇਮ ਪੂਰਵਕ ਸੇਵਾ ਦਾ ਸੁਹਾਵਨਾ ਜੋੜ ਸੀ।

**ਖਰਬੰਦਾ ਨੂੰ ਦਰਸ਼ਨ –** ਸ੍ਰੀ ਸਤਿਗੁਰੂ ਜੀ ਅਤੇ ਮੇਰੇ ਨਾਲ ਪੜ੍ਹਦੇ ਭੈਣੀ ਸਾਹਿਬ ਵਿਦਿਆਲਾ ਦੇ ਵਿਦਿਆਰਥੀ, ਸ਼੍ਰੀ ਤਰਲੋਕ ਸਿੰਘ ਅਤੇ ਸ਼੍ਰੀ ਦਲੀਪ ਸਿੰਘ ਧਰੂ ਦੇ ਵੱਡੇ ਭਾਈ ਸ. ਅਮਰ ਸਿੰਘ ਖਰਬੰਦਾ ਏਥੇ ਬੈਂਕੋਕ ਵਿੱਚ ਸਨ ਅਤੇ ਉਨ੍ਹਾਂ ਅੱਖਾਂ ਦਾ ਉਪਰੇਸ਼ਨ ਕਰਵਾਇਆ ਸੀ। ਪਹਿਲਾਂ ਇਹ ਮੰਡੀ ਹਿਮਾਚਲ ਵਿੱਚ ਨਿਵਾਸ ਰੱਖਦੇ ਅਤੇ ਗੁਰੂ ਕੀਆਂ ਕੁਛ ਜ਼ਿਮੇਵਾਰੀਆਂ ਭੁਗਤਾਇਆ ਕਰਦੇ ਸਨ। ਅੱਜ ਇਨ੍ਹਾਂ ਨੂੰ ਦਰਸ਼ਨ ਦੇਣ ਲਈ ਨਰੂਲਾ ਜੀ ਦੇ ਘਰੋਂ ਚੱਲੇ ਅਤੇ ਸ਼ਹਿਰ ਨੂੰ ਦਹੁੰ ਹਿੱਸੀਂ ਵਿਭਾਜਿਤ ਕਰਦਾ ਦਰਿਆ ਚਾਓ ਫਈਆ ਪਾਰ ਕਰਕੇ ਥੋਨਬੁਰੀ ਵਿੱਚ ਸ. ਅਮਰ ਸਿੰਘ ਕੇ ਘਰ ਪੁੱਜਾ ਓਥੇ ਫ਼ੋਨ ਦੁਆਰਾ ਖਬਰ ਹੋ ਚੁੱਕੀ ਸੀ। ਉਹ ਸੋਫੇ ਤੇ ਬਸਤਰ ਵਿਛਾਈ ਆਪ ਉਡੀਕ ਵਿੱਚ ਸਨ ਸਾਰਾ ਪਰਵਾਰ।

ਜਦੋਂ ਸ੍ਰੀ ਸਤਿਗੁਰੂ ਜੀ ਖਰਬੰਦਾ ਕੇ ਘਰ ਪਧਾਰੇ। ਸਾਰੇ ਪਰਵਾਰ ਨੇ ਸੁਆਗਤ ਸਤਿਕਾਰ ਕੀਤਾ ਤੇ ਸ. ਅਮਰ ਸਿੰਘ ਨੇ, ਜਿਸ ਨੇ ਅੱਖ ਤੇ ਪੱਟੀ ਬੰਨ੍ਹੀ ਤੇ ਚਿੱਟੀ ਟੋਪੀ ਜਿਹੀ ਲਾਈ ਹੋਈ ਸੀ, ਆਪਣੇ ਉਪਰੇਸ਼ਨ ਦੀ ਦਾਸਤਾਨ ਸੁਣਾਈ : ਏਥੇ ਅੱਖਾਂ ਦਾ ਸਭ ਤੋਂ ਉੱਤਮ ਇਲਾਜ ਹੈ। ਡਾ. ਸੁਛੱਟ ਵਰਗਾ ਅੱਖਾਂ ਦਾ ਹੋਰ ਕੋਈ ਸਿਆਣਾ ਨਹੀਂ। ਮੇਰੀਆਂ ਅੱਖਾਂ ਵਿੱਚ ਚਿੱਟਾ ਮੋਤੀਆ ਸੀ। ਡਾ. ਸੁਛੱਟ ਨੇ ਹੱਥ ਨਹੀਂ ਲਾਇਆ, ਉਹਦੀਆਂ ਮਸ਼ੀਨਾਂ ਨੇ ਹੀ ਸਾਰਾ ਕੰਮ ਕੀਤਾ। ਪਹਿਲਾਂ ਆਤਸ਼ੀ ਸ਼ੀਸ਼ੇ ਨਾਲ ਹੀ ਮੇਰੀਆਂ ਅੱਖਾਂ ਦਾ ਫੋਲਾ ਸਾੜਿਆ, ਫਿਰ ਅੱਖਾਂ ਦਾ ਅੰਦਰ ਬਾਹਰ ਸਾਫ ਕਰਕੇ ਲੈਂਨਜ਼ ਫਿੱਟ ਕਰ ਦਿੱਤਾ। 3-4 ਪੱਟੀਆਂ ਡਾ. ਸੁਛੱਟ ਨੇ ਬਦਲੀਆਂ ਪਰ ਉਸਨੇ ਮੇਰੀ ਖਰਾਬ ਅੱਖ ਤੋਂ ਉਪਰੇਸ਼ਨ ਬਾਅਦ ਕੁਛ ਹਿੰਦਸੇ ਵਖਾਏ। ਮੈਂ ਝਟ ਆਖਿਆ 5-8 ਅਤੇ ਤਤਕਾਲ ਉਸਨੇ ਪੱਟੀ ਬੰਨ੍ਹ

ਦਿੱਤੀ। ਖਰਚ 2500/- ਆ ਗਿਆ ਹੈ। ਪਰ ਤਸੱਲੀ ਹਰ ਪ੍ਰਕਾਰ ਦੀ ਹੋ ਗਈ ਹੈ।

ਸੱਚੇ ਪਾਤਸ਼ਾਹ ਨਿਸ਼ਾ ਨਾਲ 15 ਮਿੰਟ ਬੈਠੇ ਰਹੇ ਤੇ ਸ. ਅਮਰ ਸਿੰਘ ਦੀ ਵਿਆਖਿਆ ਸੁਣਦੇ ਰਹੇ।

**ਹੰਸ ਜੀ ਨੂੰ ਦਰਸ਼ਨ –** ਸੁਨਾਰ ਭਾਈਚਾਰੇ ਦਾ ਮਾਣ ਅਤੇ ਸੰਤ ਗੁਰਬਖਸ਼ ਸਿੰਘ ਹੰਸ ਪਿਛਲੇ ਕੁਛ ਸਮੇਂ ਦੇ ਅਧਰੰਗ ਨਾਲ ਬਿਸਤਰ ਤੇ ਪਏ ਹਨ। ਸ੍ਰੀ ਸਤਿਗੁਰੂ ਜੀ ਉਹਨਾਂ ਨੂੰ ਨਿਵਾਜਣ ਲਈ ਵਾਨ ਮਿਨ ਜ਼੍ਹਾਇ ਇਲਾਕੇ ਵਿਖੇ ਉਨ੍ਹਾਂ ਦੇ ਘਰ ਪਧਾਰੇ। ਹੰਸ ਜੀ ਬਿਸਤਰ ਤੇ ਬੇਬਸ ਹੋਏ ਪਏ ਸਨ। ਸ੍ਰੀ ਸਤਿਗੁਰੂ ਜੀ ਨੇ ਜਾ ਕੇ ਉਨ੍ਹਾਂ ਦੇ ਚਿਹਰੇ ਨੇੜੇ, ਸਿੱਖ ਦੀ ਇੱਛਾ ਜਾਣ, ਹੀਂਅ ਤੇ ਚਰਨ ਰੱਖੇ। ਸਿੱਖ ਨੇ ਹੌਲੀ ਹੌਲੀ ਬਾਂਹ ਉਠਾ ਕੇ ਹੱਥ ਚਰਨਾਂ ਨੂੰ ਲਾ ਕੇ ਮੱਥੇ ਉੱਤੇ ਘਸਾ ਕੇ ਤ੍ਰਿਪਤੀ ਹਾਸਲ ਕੀਤੀ। ਪਰਵਾਰ ਨੇ ਸੇਵਾ ਸਤਿਕਾਰ ਵਿੱਚ ਕਸਰ ਨਾ ਰੱਖੀ। ਸਰਹਾਣੇ ਪਾਸ ਪਈ ਕੁਰਸੀ ਤੇ ਬੈਠ ਸੱਚੇ ਪਾਤਸ਼ਾਹ ਜੀ ਨੇ ਹੰਸ ਜੀ ਨਾਲ ਬਚਨ ਬਿਲਾਸ ਕੀਤੇ। 10 ਕੁ ਮਿੰਟ ਏਥੇ ਵੀ ਦਰਸ਼ਨ ਦਿੱਤੇ।

**ਜਸਪਾਲ ਸਿੰਘ ਮਨਚੰਦਾ ਕੇ ਘਰ –** ਫੌਰਹਟ ਵਿਖੇ 419 ਮਿੱਤਰ ਰਾਣੀ  (ਦੁਕਾਨ ਦਾ ਨੰ. ਤੇ ਨਾਂ) ਸ, ਜਸਪਾਲ ਸਿੰਘ ਮਨਚੰਦਾ ਦੇ ਘਰ ਅਤੇ ਦੁਕਾਨ ਤੱਕ ਅਸੀਂ 7 ਵਜੇ ਤੱਕ ਪਹੁੰਚ ਗਏ। ਸਿੰਘ ਨੂੰ ਚਾਅ ਚੜ੍ਹ ਗਏ ਕਿ ਸੱਚੇ ਪਾਤਸ਼ਾਹ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਹੈ। ਸੁਰਿੰਦਰ ਸਿੰਘ ਮਨਚੰਦਾ ਨੂੰ ਆਗਿਆ ਹੋਈ ਕਿ ਸਿੰਘਾਪੁਰ ਰੂਮ ਨੰ. 1307 (ਕਿਸੇ ਹੋਟਲ ਦਾ) ਵਿੱਚ ਫੋਨ ਨੰ. 3387733 ਕਰੋ। ਹੰਸਪਾਲ ਜੀ ਨਾਲ ਸੰਪਰਕ ਕੀਤਾ ਤਾਂ ਪਹਿਲਾਂ ਹੀ ਆਖਿਆ : ਜਰਾ ਸੰਭਲ ਕੇ ਗੱਲ ਕਰਨਾ, ਕਵੀ ਜੀ ਕੋਲ ਬੈਠੇ ਹਨ।

ਇਸ ਦੇ ਦੋ ਮਤਲਬ ਸਨ, ਇੱਕ ਤਾਂ ਇਹ ਕਿ ਕਵੀ ਜੀ ਮੇਰੇ ਨਾਲ ਹੀ ਹਨ, ਦੂਜੇ ਜੇ ਕਵੀ ਜੀ ਸਿਆਣੇ ਹੋਣ ਤਾਂ ਉੱਠ ਕੇ ਚਲੇ ਜਾਣ ਅਤੇ ਮੈਂ ਜ਼ਰੂਰ ਸਿਆਣਾ ਸਾਂ।

ਏਥੇ ਕਾਫ਼ੀ ਸਮਾਂ ਬਤੀਤ ਹੋਇਆ ਅਤੇ ਫਿਰ ਕੁਛ ਹੋਰ ਥਾਈਂ ਚਰਨ ਪਾਏ। ਜਿਵੇਂ-

ਸ. ਸੁਰਿੰਦਰ ਸਿੰਘ 392/3 ਫੋਰਹਟ ਵਿਖੇ ਦੁਕਾਨ ਤੇ

ਸ. ਸਤਪਾਲ ਸਿੰਘ ਸੇਠੀ ਸੁਪੱਤਰ ਸੰਤ ਇੰਦਰ ਸਿੰਘ ਪਰਵਾਰ ਵਿਖੇ ਦਰਸ਼ਨ, ਸੋਇ ਪੱਛੂ 33/9

ਏਥੇ ਆਇਆਂ ਜ਼ੋਰ ਦੀ ਮੀਂਹ ਲੱਥ ਪਿਆ। ਏਥੇ ਕੁਛ ਸਮਾਂ ............ ਬੈਠ ਕੇ ਦਰਸ਼ਨ ਦਿੱਤੇ ਅਤੇ ਲੋਕਲ ਫ਼ੋਨ ਕੀਤੇ। ਜਰਾ ਬਰਸਾਤ ਰੁਕੀ ਤਾਂ ਆਪ ਡੇਰੇ ਵੱਲ ਪਧਾਰੇ। ਮੈਂ ਏਥੇ ਹੀ ਰਹਿ ਗਿਆ।

**ਸਤਪਾਲ ਸਿੰਘ ਸੇਠੀ ਵਲੋਂ ਮਦਦ –** ਕੱਲ ਸਾਰੀ ਸੰਗਤ ਜੋ ਭਾਰਤੋਂ ਆਈ ਤੇ ਸ੍ਰੀ ਸਤਿਗੁਰੂ ਜੀ ਦਾ ਪ੍ਰਸਥਾਨ ਹੈ। ਏਸ ਲਈ ਹਰ ਕਿਸੇ ਦਾ ਖਰੀਦਾ ਖਰਾਦੀ ਵੱਲ ਧਿਆਨ ਹੈ। ਇਸ ਸੰਬੰਧ ਵਿੱਚ ਮੇਰੀ ਇਮਦਾਦ ਸ. ਸਤਪਾਲ ਸਿੰਘ ਸੇਠੀ ਨੇ ਕੀਤੀ। ਆਪਣੀ ਮੋਟਰ ਸਾਈਕਲ ਲੈ ਕੇ ਜਿੱਥੇ ਮੈਂ ਚਾਹਿਆ ਹੈ ਗਏ ਤੇ ਜੋ ਕੁਝ ਖਰੀਦਣਾ ਸੀ, ਲੈ ਦਿੱਤਾ ਅਤੇ ਨਾਮ ਸਿਮਰਨ ਦੇ ਸਮੇਂ, ਅਰਥਾਤ 5 ਵਜੇ ਤੱਕ ਧਰਮਸਾਲਾ 55 ਵਿੱਚ ਆ ਗਏ।

**ਹਰਮਹਿੰਦਰ ਸਿੰਘ ਸੇਠੀ ਦੇ ਫਲੈਟਾਂ ਤੇ –** ਮੈਨੂੰ ਦੱਸਿਆ ਗਿਆ ਕਿ ਅੱਜ ਦੀਨ ਦਿਆਲ ਜੀ ਕਿਸੇ ਸਮੇਂ ਸ. ਹਰਮਹਿੰਦਰ ਸਿੰਘ ਸੇਠੀ ਦੇ ਨਵੇਂ ਬਣੇ ਨਾ ਛੱਤੇ ਫਲੈਟਾਂ ਆਸਾ ਗਾਰਡਨ ਵਿਖੇ ਪਧਾਰੇ। ਜਿੱਥੇ ਸੇਠੀ ਜੀ ਨੇ ਹੇਠਲੀ ਛੱਤ ਦੇ ਗਾਰਡਨ, ਤਰਨ ਤਾਲ, ਦਫ਼ਤਰ, ਵਰਜ਼ਸ਼ ਕਮਰਾ ਤੇ ਉਹ ਸਿਹਤ ਵਧਾਊ ਮਸ਼ੀਨਾਂ ਵਿਖਾਈਆਂ, ਲਿਫਟ ਦੁਆਰਾ ਧੁਰ ਛੱਤ ਤੇ ਜਾ ਕੇ ਸ੍ਰੀ ਸਤਿਗੁਰੂ ਜੀ ਤੇ ਜਥੇ ਨੇ ਬੈਂਕੋਕ ਸ਼ਹਿਰ ਦੇ ਫੈਲਾਅ ਨੂੰ ਦੇਖਿਆ। ਸਤਿਗੁਰੂ ਜੀ ਨੇ ਸੇਠੀ ਜੀ ਦੇ ਉੱਦਮ ਦੀ ਖ਼ੂਬ ਪ੍ਰਸੰਸਾ ਕਤਿ। ਸੇਠ ਜੀ ਨੇ ਪ੍ਰੇਮ, ਸ਼ਰਧਾ ਅਤੇ ਸਤਿਕਾਰ ਸਹਿਤ ਸ੍ਰੀ ਸਤਿਗੁਰੂ ਜੀ ਦੀ ਭੇਟਾ ਪੂਜਾ ਕੀਤੀ ਅਤੇ ਨਾਲ ਦੇ ਸਮੁਚੇ ਜਥੇ ਨੂੰ ਵੀ ਮਾਇਆ-ਲਿਫਾਫੇ ਵੰਡੇ।

**ਪਿਆਰਾ ਨਾਇਲਕ –** ਏਥੋਂ ਸੱਚੇ ਪਾਤਸ਼ਾਹ ਜੀ ਆਪਣੇ ਸੇਵਕ ਸੰਤ ਮਹਿੰਦਰ ਸਿੰਘ ਨਾਇਲਕ ਨੂੰ ਜਾ ਦਰਸ਼ਨ ਦਿੱਤੇ, ਜਿਹੜਾ ਕਿਸੇ ਮੁਹਲਕ ਬਿਮਾਰੀ ਨਾਲ ਬਿਸਤਰੇ ਤੇ ਪਿਆ ਹੈ। ਜਦੋਂ ਵੀ ਇਸ ਦੌਰੇ ਸਮੇਂ ਸਮਾਂ ਮਿਲਿਆ, ਸੱਚੇ ਪਾਤਸ਼ਾਹ ਉਸਨੂੰ ਦਰਸ਼ਨ ਦੇ ਕੇ ਆਏ।

ਇੱਕ ਦਰਸ਼ਨ ਮੁਹਤਾਜ ਹੋਰ ਜ਼ਿੰਦੜੀ ਹੈ ਬੀਬੀ ਪਵਿੱਤਰ ਕੌਰ ਸਚਦੇਵ। ਉਸਦੀ ਦਰਸ਼ਨ ਭੁੱਖ ਫੂਰ ਕਰਨ ਲਈ ਆਪ ਜੀ ਸਚਦੇਵ ਪਰਵਾਰ ਦੇ ਇਲਾਕੇ ਵਿੱਚ ਵੀ ਗਏ। ਮੈਂ ਇਸ ਵਾਰ ਫੇਰ ਰਹਿ ਗਿਆ ਸ. ਨਾਇਲਕ ਦੇ ਦੀਦਾਰੇ ਨਹੀਂ ਕਰ ਸਕਿਆ।

**ਸਾਧ ਸੰਗਤ ਵਲੋਂ ਸਤਿਕਾਰ –** ਆਮ ਕਰਕੇ ਨਾਮਧਾਰੀ ਸੰਗਤ ਬੈਂਕੋਕ ਵਿੱਚ ਇਹ ਰਿਵਾਜ ਹੈ ਕਿ ਜਦ ਉਸਦੇ ਕਿਸੇ ਘਰ ਵਿੱਚ ਸ੍ਰੀ ਸਤਿਗੁਰੂ ਦੀਵਾਨ ਸਜਾਣ ਦੀ ਕਿਰਪਾ ਕਰਨ ਤਾਂ ਉਹ ਸ੍ਰੀ ਸਤਿਗੁਰੂ ਜੀ ਦੀ ਚਰਨ ਭੇਟ ਤੋਂ ਇਲਾਵਾ ਨਾਲ ਆਏ ਜਥੇ ਦੀ ਵੀ ਯਥਾ ਯੋਗ ਸੇਵਾ ਕਰਦੀ ਹੈ। ਇੱਕ ਇੱਕ ਸੂਟ ਤੇ 100-100 ਬਾਟ ਜਾਂ ਸਮਰਥਾ ਅਨੁਸਾਰ ਇਸ ਤੋਂ ਵੱਧ ਭੇਟਾ ਪੂਜਾ ਕਰਦੀ ਹੈ।

**ਚਲਦਾ......**

# A Saga Of
# Sri Satguru Jagjit Singh Ji



**Dr. Sharada Jayagovind**

Satguru Jagjit Singh ji asked him:

"If you fall sick, won't you shut the shop for a day or two?"

With folded palms, Waryam ji pleaded:

"Patsha ji, please bless me with good health. I will be there."

In those days, reaching Sri Bhaini Sahib was not easy. Waryam ji and his friends had to walk quite a distance through fields and muddy tracks to reach Sri Bhaini Sahib. The evening before the sammelan, tired and hungry, they reached the langar, when suddenly there was a commotion. People who were seated at langar were excited. They got up, saying:

"Patsha ji is coming!"

Waryam ji was pleasantly surprised to see the smiling figure of Satguru Jagjit Singh ji stand in front of him.

The affectionate Satguru ji said:

"I have come to see if you have come."

In 1965, the youth organization was named All India Namdhari Vidyak Jatha. Master Nihal Singh ji was made the president of the jatha. From then on, the annual youth sammelans were a regular feature. The main objective of this youth organization is the creation of a good human being, says Gurmukh Singh, the present coordinator of the Vishwa Namdhari Vidyak Jatha.

The youth sammelans, conducted by the Namdhari Vidyak Jatha, provided an opportunity for youngsters from different backgrounds to meet on a common platform. Lifelong friendships were forged here. Youngsters exchanged their dreams and aspirations in the presence of the Satguru who was always there to guide them. It was this forum and personal contact with the Satguru which led to the identification and promotion of talent, especially in the fields of classical music and literature. Many artistes made their debut in the divine presence of Satguru Jagjit Singh ji.

Usually the youth sammelans lasted a week and Patsha ji would stay through the entire sammelan with the youngsters and devote a lot of time to educate them. He would sit amidst them and discuss their hopes and aspirations as individuals and as a community. All the participants lived on the same campus, ate together and washed their clothes together.

During these meets, Patsha ji would clean vessels, draw water and sweep the floors of Sri Bhaini Sahib to drive home the truth that service is the greatest quality the youth have to cultivate. He would himself serve them with parsad atthe langar.

Organisers invited scholars such as Inder Singh Chakravarty, Dr. Amar Bharti, Pandit Gopal

Singh and Pritam Singh Kavi to talk to the youth on Namdhari history, tradition and the importance of retaining their unique spiritual identity. From time to time, learned people were called to educate the youth about vegetarianism, nature cure, peace and cow protection.

Debates and elocution competitions on topics such as Namdhari history, maryada and traditions, were held along with music and sports competitions. During the first few sammelans all the participants were photographed. This was a matter of great excitement among the youth.

During the youth sammelans, the talent of several orators came to light. Many of them, such as H. S. Hanspal, on the advice of Satguru ji, entered politics. Hanspal ji was the President of Namdhari Youth Wing.

Year by year, the youth meets became very popular and youngsters would wait for vacations so that they could be with the Satguru ji at Sri Bhaini Sahib. Parents would also look forward to these sammelans because instead of sending their children to their grandparents, they could send them to Patsha ji. Nothing could be more beneficial than growing up in the presence of a Satguru, who played the role of parent to them so well that the youth were saved from the evils of alcoholism, drugs and smoking. They realized the truth that devotion to the Satguru protects one from all vices.

Patsha ji impressed on the youth to adopt a simple way of life. He told them to refuse dowry and extravagance during weddings. When some youth said that their parents expected dowry, Patsha ji assured them that he would handle the parents. He sought a written pledge from the youth that they would opt for a marriage without dowry and ostentation. When the youth began to take pride in the Anand Karaz, the community began to prosper. The money saved from wasteful expenditure was invested in business, farming and education.

The activities of the Vidyak Jatha expanded to cover the entire country. The jatha established its branches in many towns and cities all over India and each branch had its own President, Secretary, Treasurer and Committee. Through these jathas, the Namdhari youth were inspired to serve the community during natural calamities such as floods and earthquakes. They were told to tend to the ill and the infirm. During annual melas at Sri Bhaini Sahib and other places, the youth from all the centres took turns to perform seva in the langar, old age home and goshala. Thus the value of selfless seva was inculcated in them at a young age.

When the activities for the Namdhari youth were taken up at the international level, Vishav Namdhari Vidyak Jatha came into existence. During Patsha ji's time, 48 annual youth sammelans were held. The Vidyak Jatha today has 60 branches in cities and villages across India. Satguru Uday Singh ji, the present spiritual head of the Namdharis, inaugurated an event in Mandi, Himachal Pradesh in June 2015 to mark the fiftieth year of the Namdhari Vidyak Sammelan. It was a four-day event and over 8,000 youth participated in it to prove that the organization started by Satguru Jagjit Singh ji is growing stronger day by day. In the 2016 Sammelan, held from 23 to 27 June at Sri Bhaini Sahib in the divine presence of Satguru Uday Singh ji, Namdhari youth from all over India attended. This is an indication of the commitment of Namdhari youth to walk the way shown by the Satguru.

*To be continued......*

# ਕਵਿਤਾ

## ਸੂਬਾ ਸੁਰਿੰਦਰ ਕੌਰ ਖਰਲ ਦੇ ਚਲੇ ਜਾਣ ਤੇ



ਸੂਬਾ ਖਰਲ ਸੁਰਿੰਦਰ ਕੌਰਾਂ, ਸਤਿਗੁਰ ਤੋਂ ਵਰੋਸਾਈ।
ਸਿੱਖੀ ਸਿਦਕ ਭਰੋਸਾ ਸੇਵਾ, ਵਿੱਚ ਵਿਰਾਸਤ ਪਾਈ।
ਲੱਗੀ ਲਗਨ ਸਾਹਿਤ ਦੀ ਐਸੀ, ਪਕੜੀ ਕਲਮ ਰਵਾਨੀ।
ਕੀਤੀ ਖੂਬ ਸਿਰਜਣਾ ਉਸ ਨੇ, ਹੱਥ ਸਵਾਰੀ ਕਾਨੀ।
ਵੱਡੇ ਵਿੱਚ ਲੇਖਕਾਂ ਉਸ ਦੀ, ਗਿਣਤੀ ਹੋਵਣ ਲੱਗੀ।
ਐਪਰ ਸਫ਼ਰ ਅਜੇ ਅਧਵਾਟੇ, ਹਵਾ ਕਹਿਰ ਦੀ ਵੱਗੀ।
ਭਾਵੇਂ ਸਾਹਿਤ ਵਿਧਾਵਾਂ ਅੰਦਰ, ਕਲਮ ਵਗਾਈ ਸੁੱਚੀ।
ਸੰਗਤ ਤੇ ਸਤਿਗੁਰ ਦੀ ਸੇਵਾ, ਫਿਰ ਵੀ ਸਭ ਤੋਂ ਉੱਚੀ।

ਕਰ ਕਰ ਖੋਜ ਗਵਾਚੇ ਪੱਤਰੇ, ਉਹਨੇ ਲੱਭ ਲਿਆਂਦੇ।
ਲੱਭ-ਲੱਭ ਕੇ ਪਰਿਵਾਰ ਸ਼ਹੀਦਾਂ, ਦੇ ਭੈਣੀ ਵਿੱਚ ਆਂਦੇ।
ਬਖ਼ਸ਼ਿਸ਼ ਸੀ ਜਗਜੀਤ ਗੁਰੂ ਦੀ, ਸਿਰ ਤੇ ਹੱਥ ਸਵੱਲਾ।
ਖਰਲ ਹੁਰਾਂ ਵੀ ਫੜਿਆ ਘੁੱਟ ਕੇ, ਸੀ ਸਤਿਗੁਰ ਦਾ ਪੱਲਾ।
ਉੱਤਮ ਕਾਵਿ ਸਿਰਜਣਾ ਕੀਤੀ, ਜੱਸ ਸਤਿਗੁਰ ਦਾ ਗਾਇਆ।
ਵੱਡਿਆਂ ਵੱਡਿਆਂ ਮੰਚਾਂ ਉੱਤੇ, ਮਾਣ ਵਡੇਰਾ ਪਾਇਆ।
ਉਹ ਸਾਹਿਤ ਦਾ ਵਗਦਾ ਚਸ਼ਮਾ, ਕਲ ਕਲ ਕਰ ਕੇ ਵਹਿੰਦਾ।
ਸ਼ਬਦ-ਸ਼ਬਦ ਵਿੱਚ ਸਿਫਤ ਗੁਰੂ ਦੀ, ਮਰਿਆਦਾ ਵਿੱਚ ਰਹਿੰਦਾ।

ਬੇਵਕਤਾ ਉਹ ਚਸ਼ਮਾ ਸੁੱਕਾ, ਰੁਕ ਗਈ ਕਲਮ ਰਵਾਨੀ।
ਛਾ ਗਈ ਸਾਹਿਤ ਜਗਤ ਦੇ ਅੰਦਰ, ਭਰ ਅਫ਼ਸੋਸ ਕਹਾਣੀ।
ਸੁਣ ਕੇ ਖ਼ਬਰ ਅਚਾਨਕ ਡਿੱਠਾ, ਮਾਤਮ ਪਿਆ ਚੁਫੇਰੇ।
ਘਾਟਾ ਪਿਆ ਪੰਥ ਨੂੰ ਵੱਡਾ, ਹਰ ਕੋਈ ਅੱਥਰੂ ਕੇਰੇ।
ਐਪਰ ਸਦਾ ਰਹਿਣਗੇ ਜਿੰਦਾ, ਉਸ ਦੇ ਕਾਰਜ ਕੀਤੇ।
ਉਧੜੇ ਪਾਟੇ ਪੰਨੇ ਓਸ ਨੇ, ਜੋ ਨੀਝਾਂ ਲਾ ਸੀਤੇ।
ਦੇਵਣ ਸੇਧ ਮਨੁਖਤਾ ਤਾਈਂ, ਓਸ ਦੀਆਂ ਰਚਨਾਵਾਂ।
ਉਹ ਤਾਂ ਸੀ ਚਾਨਣ ਦਾ ਸੋਮਾ, ਰੌਸ਼ਨ ਕਰੇ ਫਿਜ਼ਾਵਾਂ।

ਕੰਨਾ ਦੇ ਵਿੱਚ ਅੱਜ ਵੀ ਗੂੰਜੇ, ਉਸ ਦੀ ਮਿੱਠੀ ਬੋਲੀ।
ਉਸ ਦੀ ਹਰ ਇੱਕ ਗੱਲ ਹੁੰਦੀ ਸੀ, ਪੂਰੀ ਨਾਪੀ ਤੋਲੀ।
ਗੁਰ ਜਗਜੀਤ ਨਾਲ ਸੀ ਉਸਦੀ, ਪਰਮ ਪ੍ਰੀਤ ਸਵਾਈ।
ਗੁਰ ਜਗਜੀਤ ਦੇ ਚਰਨਾ ਅੰਦਰ, ਤਾਹੀਓਂ ਜਾ ਸਮਾਈ।
ਕਿਵੇਂ ਮਰਸੀਆ ਗਾਵਾਂ ਉਸਦਾ, ਵਿੱਚ ਦਿਲਾਂ ਉਹ ਜਿੰਦਾ।
ਯਾਦਾਂ ਦੇ ਅਨਮੋਲ ਬਾਜਵਾ, ਉੱਡ ਗਿਆ ਚਾਹੇ ਪਰਿੰਦਾ।

**ਲਖਵਿੰਦਰ ਸਿੰਘ ਬਾਜਵਾ**

## ਤੂੰ ਮੈਨੂੰ ਸ਼ਕਤੀ ਦੇਹ

ਮੈਂ ਅੱਕਣਾ ਨਹੀਂ ਚਾਹੁੰਦੀ !
ਮੈਂ ਥੱਕਣਾ ਨਹੀਂ ਚਾਹੁੰਦੀ !!
ਮੈਂ ਹੰਭਣਾ ਨਹੀਂ ਚਾਹੁੰਦੀ !!!
ਤੂੰ ਮੈਨੂੰ ਸ਼ਕਤੀ ਦੇਹ...
ਮੇਰੇ ਜਿਸਮ ਦੀਆਂ ਰਗਾਂ 'ਚ
ਚੁਸਤੀ ਫੁਰਤੀ ਵਾਲੇ
ਖ਼ੂਨ ਦਾ ਸੰਚਾਰ ਹੋਵੇ
ਮੇਰੇ ਨੈਣ,
ਤੇਰੇ ਦਰਸ਼ਨ ਕਰਨ ਦੇ
ਸਮਰੱਥ ਰਹਿਣ।
ਮੇਰੇ ਕੰਨ,
ਤੇਰੇ ਪਵਿੱਤਰ ਮੁਖਾਰਬਿੰਦ 'ਚੋਂ
ਨਿਕਲਦੇ ਬਚਨਾਂ ਨੂੰ
ਸਾਂਭ ਸਕਣ।
ਮੇਰੇ ਹੱਥ
ਕਲਮ ਫੜ
ਤੇਰੀਆਂ ਸਿਫ਼ਤਾਂ ਨੂੰ
ਕਾਗਜ਼ਾਂ 'ਤੇ ਸਜਾ ਸਕਣ ਦੇ
ਯੋਗ ਰਹਿਣ।
ਮੇਰਾ ਦਿਮਾਗ਼
ਕਦੇ ਵੀ
ਸ਼ਰਧਾ ਨਾਲ ਟਕਰਾਉਂਦੀ
ਦਲੀਲ ਨਾ ਪੇਸ਼ ਕਰੇ।
ਮੇਰੀ ਜੀਭ,
ਤੇਰੇ ਹੁਕਮਾਂ ਅੱਗੇ
ਸਿਰਫ਼ 'ਸਤ ਬਚਨ'
ਦਾ ਉੱਚਾਰਣ ਕਰੇ।
ਮੇਰਾ ਮਨ
ਸਦਾ ਹੀ
ਤੇਰੇ ਚਰਨਾਂ 'ਚ
ਅਰਪਿਤ ਰਹੇ।
ਮੇਰੀ ਆਤਮਾ,
ਸਦਾ ਤੇਰੀ ਬਖ਼ਸ਼ਿਸ਼ ਨਾਲ
ਮਾਲੋ-ਮਾਲ ਰਹੇ।
ਤੂੰ ਮੈਨੂੰ ਸ਼ਕਤੀ ਦੇਹ!
ਤੂੰ ਮੈਨੂੰ ਸ਼ਕਤੀ ਦੇਹ!!

**ਸੂਬਾ ਸੁਰਿੰਦਰ ਕੌਰ ਖਰਲ**

.......................................................

## ਸੂਬਾ ਸੁਰਿੰਦਰ ਕੌਰ ਖਰਲ ਨੂੰ ਸਮਰਪਿਤ

ਉਹ ਗਈ ਤਾਂ ਜੱਗ ਸੁੰਨਾ ਹੈ,ਧਰਤੀ ਸੁੰਨੀ ਹੋਈ।
ਉਹ ਗਈ ਤਾਂ ਕਲਮ ਓਸਦੀ ਹੁਬਕੀ ਹੁਬਕੀ ਰੋਈ।
ਉਹ ਗਈ ਏ ਓਥੇ ਜਿੱਥੋਂ ਮੁੜ ਨਾ ਕੋਈ ਆਇਆ।
ਸਾਡੇ ਕੋਲ ਰਹਿ ਗਿਆ ਉਸਦੀਆਂ ਯਾਦਾਂ ਦਾ ਸਰਮਾਇਆ।
ਉਹ ਗਈ ਤਾਂ ਹਰ ਬਾਸ਼ਿੰਦੇ ਅੱਖੋਂ ਅੱਥਰੂ ਕੇਰੇ।
ਉਹ ਗਈ ਤਾਂ ਉਸਦੇ ਪਿੱਛੋ ਰੋਂਦੇ ਸ਼ਬਦ ਬਥੇਰੇ।
ਉਹ ਗਈ ਤਾਂ ਸੁੰਨ ਹੋ ਗਏ ਵਿੱਦਿਆਵਾਨ ਲਿਖਾਰੀ।
ਉਹ ਗਈ ਤਾਂ ਸਹਿਤ ਜਗਤ ਵਿੱਚ ਸੋਗ ਪੈ ਗਿਆ ਭਾਰੀ।
ਉਹ ਗਈ ਤਾਂ ਸੁੱਕ ਗਈਆਂ ਨੇ ਫੁੱਲ ਕਲੀਆਂ ਦੀਆਂ ਵੱਲਾਂ।
ਉਹ ਗਈ ਤਾਂ ਰੁਕ ਗਈਆਂ ਨੇ ਦਰੀਆਵਾਂ ਦੀਆਂ ਛੱਲਾਂ।
ਉਹ ਗਈ ਤਾਂ ਉਹਦੀਆਂ ਲਿਖਤਾਂ ਉਹਦੇ ਗ਼ਮ ਵਿੱਚ ਰੋਈਆਂ।
ਉਹ ਗਈ ਤਾਂ ਨਾਲ ਓਸਦੇ ਲੱਖਾਂ ਕਵਿਤਾ ਮੋਈਆਂ।
ਉਸਦਾ ਲਿਖਿਆ ਸਾਹਿਤ ਚਾਨਣ ਦਿੰਦਾ ਰਹੂ ਹਮੇਸ਼ਾਂ।
ਉਹ ਆਪਣੀਆਂ ਲਿਖਤਾਂ ਰਾਹੀਂ ਜਿੰਦਾ ਰਹੂ ਹਮੇਸ਼ਾਂ।
ਉਹ ਨਹੀਂ ਜੇ ਕੋਲ ਅਸਾਡੇ ਉਸਦੀਆਂ ਲਿਖਤਾਂ ਪੜੀਏ।
ਆਓ ਸਾਰੇ ਮਿਲਕੇ ਆਪਾਂ ਗਿਆਨ ਦੀ ਪੌੜੀ ਚੜੀਏ।
ਹਰ ਸਖ਼ਸ਼ ਦੇ ਹਿਰਦੇ ਵੱਸੇ ਕਲਮ ਓਸਦੀ ਸਰਲ।
ਜੁੱਗਾਂ ਤੀਕਰ ਰਹੂ ਜਿਉਂਦੀ ਸੂਬਾ ਸੁਰਿੰਦਰ ਕੌਰ ਖਰਲ।

**ਕਵੀਸ਼ਰ ਗੁਰਸੇਵਕ ਸਿੰਘ**

.......................................................

# ਸੁੱਚੇ ਮੋਤੀ

## ਮਨ ਦੀ ਰੀਝ

7 ਦਸੰਬਰ 1977 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਨੇ ਸੰਤ ਹਜ਼ਾਰਾ ਸਿੰਘ ਮਾਫ਼ੀ ਨਾਲ ਗੱਲਬਾਤ ਕਰਦਿਆਂ ਆਪਣੀ ਰੀਝ ਦੱਸੀ- "ਮੇਰਾ ਜੀ ਕਰਦਾ ਹੈ, ਜਿਹਨਾਂ ਨੇ ਕਦੇ ਜਵਾਨੀ ਵੇਲੇ ਭੈਣੀ ਸਾਹਿਬ ਸੇਵਾ ਕੀਤੀ ਉਹ ਹੁਣ ਬੁਢਾਪੇ ਵਿੱਚ ਰੁਲਣ ਨਾ, ਮੁੜ ਭੈਣੀ ਸਾਹਿਬ ਆ ਜਾਣ, ਉਹਨਾਂ ਦੀ ਸੇਵਾ ਹੁਣ ਅਸੀਂ ਕਰੀਏ।" ਸੰਤ ਦੇਵਾ ਸਿੰਘ ਬਖਸ਼ੀ, ਸੰਤ ਲਾਭ ਸਿੰਘ ਫੱਤਾ, ਉਸਤਾਦ ਨੱਥਾ ਸਿੰਘ ਆਦਿ ਬਜ਼ੁਰਗਾਂ ਦੇ ਕੁਝ ਨਾਮ ਵੀ ਗਿਣੇ।

## ਤੋਹਫਾ ਕਿਸ ਤਰ੍ਹਾਂ ਦਾ ਹੋਵੇ?

4 ਦਸੰਬਰ 1977 ਈ. ਨੂੰ ਦਿੱਲੀ ਵਿਖੇ ਨੁਮਾਇਸ਼ ਵਿੱਚ ਜਾਣ ਤੋਂ ਪਹਿਲਾਂ, ਸਤਿਗੁਰੂ ਜੀ ਦੇ ਪਹਿਨਣ ਵਾਸਤੇ ਆਈ ਇੱਕ ਅਚਕਨ ਦਾ ਅੰਦਰਸ (ਹੁੱਕ) ਜੰਗਾਲਿਆ ਜਿਹਾ ਲੱਗਾ। ਸਤਿਗੁਰੂ ਜੀ ਨੇ ਪਹਿਨ ਲਈ। ਮੈਂ ਹੈਰਾਨ ਹੋ ਕੇ ਪੁੱਛਿਆ- "ਆਪ ਨੇ ਪਹਿਨ ਲਈ? ਇਹ ਤਾਂ ਆਪ ਦੀ ਲੱਗਦੀ ਹੀ ਨਹੀਂ ਸੀ।"

ਬਚਨ ਕੀਤਾ- "ਮੈਨੂੰ ਜੋ ਲਿਆ ਦੇਂਦੇ ਹਨ, ਪਹਿਨ ਲੈਂਦਾ ਹਾਂ। ਦੋ ਤਿੰਨ ਚੰਗੀਆਂ ਵੀ ਹਨ, ਪਰ ਇਹ ਲਿਆਉਣ ਵੀ!"

ਹਜ਼ੂਰੀ ਸੇਵਕ ਸੰਤ ਮਹਿੰਦਰ ਸਿੰਘ ਪੂਰਬਾ ਨੇ ਕਿਹਾ- "ਗਲਤੀ ਨਾਲ ਆ ਗਈ ਹੈ। ਹੁਣ ਇਹ ਅਚਕਨ ਕੋਲ ਹੀ ਨਹੀਂ ਰੱਖਣੀ ਤਾਂ ਕਿ ਫੇਰ ਨਾ ਗਲਤੀ ਹੋਵੇ।"

ਵਾਪਸੀ ਤੇ ਪੂਰਬਾ ਜੀ ਨੇ ਬੇਨਤੀ ਕੀਤੀ- "ਸੱਚੇ ਪਾਤਸ਼ਾਹ! (ਅਚਕਨ ਵਿਖਾ ਕੇ) ਕਵੀ ਜੀ ਨੂੰ ਦੇ ਦੇਈਏ?"

ਸਤਿਗੁਰੂ ਜੀ- "ਨਹੀਂ, ਜਿਸ ਦੀ ਦ੍ਰਿਸ਼ਟੀ ਨੇ ਇਹ ਮੇਰੇ ਗਲ ਪਸੰਦ ਨਹੀਂ ਕੀਤੀ, ਉਸ ਨੂੰ ਉਤਾਰ (ਵਰਤਿਆ ਕੱਪੜਾ) ਹੀ ਦਿੱਤਾ ਜਾਏ, ਹਰਗਿਜ਼ ਨਹੀਂ। ਜਿਹੋ ਜਿਹਾ ਕੋਈ ਹੈ ਉਹੋ ਜਿਹੀ ਹੀ ਉਸਨੂੰ ਚੀਜ਼ ਦੇਈਏ ਤਾਂ ਆਪ ਨੂੰ ਵੀ ਸੁਆਦ ਆਉਂਦਾ ਹੈ ਤੇ ਅਗਲੇ ਨੂੰ ਵੀ।"

## ਸੰਤ ਕੈਸੇ?

4 ਦਸੰਬਰ 1977 ਈ. ਨੂੰ ਦਿੱਲੀ ਵਿਖੇ ਅੱਜ ਦਿਨ ਦੇ ਪਹਿਲੇ ਅੱਧ ਸਮੇਂ ਜਦੋਂ ਸਤਿਗੁਰੂ ਜੀ ਸੇਠ ਤਰਲੋਕ ਸਿੰਘ ਹੁਰਾਂ ਦੇ ਨਿਜੀ ਕਮਰੇ ਵਿੱਚ ਆਰਾਮ ਹਿਤ ਲੇਟੇ ਹੋਏ ਸਨ ਤਾਂ ਆਪ ਦੇ ਨਾਲ ਹੀ ਕਿਸੇ ਕਮਰੇ ਵਿੱਚ ਬੈਠੇ ਇੱਕ ਨੌਜਵਾਨ ਸੰਤ ਨੂੰ ਬੁਲਾਇਆ। ਸੇਠ ਤਰਲੋਕ ਸਿੰਘ, ਸ. ਹੰਸਪਾਲ ਤੇ ਪ੍ਰੀਤਮ ਸਿੰਘ ਕਵੀ ਵੀ ਉਸੇ ਸਮੇਂ ਕੋਲ ਸਨ। ਸਤਿਗੁਰਾਂ ਪੁੱਛਿਆ- "ਆਓ ਕੀ ਗੱਲ ਹੈ?"

"ਆਪ ਜੀ ਦੀ ਕਿਰਪਾ ਦੀ ਲੋੜ ਹੈ।"

"ਮੇਰੀ ਤਾਂ ਇੱਕੋ ਗੱਲ ਹੈ ਨਾਮਧਾਰੀਆਂ ਵਾਂਗ ਬਣਕੇ ਰਹੋ। ਵਖਰੇਵੇਂ ਦੀਆਂ ਸ਼ਕਲਾਂ ਛੱਡ ਦਿਓ। ਦਸਤਾਰਾ ਤੇ ਕੱਪੜੇ ਭੈਣੀ ਸਾਹਿਬ ਤਾਂ ਤੁਹਾਡੇ ਠੀਕ ਹੁੰਦੇ ਹਨ, ਪਰ ਏਥੇ ਗਲ ਚੋਲਾ ਤੇ ਸਿਰ 'ਤੇ ਮੋਖੜਾ ਹਨ।"

"ਸਤਿ ਬਚਨ ਜੀ। ਪਰ ਇਹ ਸਭ ਆਪ ਦੇ ਕਰਵਾਏ ਹੀ ਹੋਣਗੇ। ਆਪ ਕਿਰਪਾ ਕਰੋ।"

"ਅੰਦਰੋਂ ਠੀਕ ਰਹੀਏ ਤਾਂ ਕਿਰਪਾ ਹੀ ਕਿਰਪਾ ਹੈ।"

## ਉੱਚਾ ਤੋਹਫਾ

7 ਦਸੰਬਰ 1977 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰਾਂ ਦੱਸਿਆ- "ਇੱਕ ਵਾਰ ਮੈਂ ਕਿਸੇ ਨੂੰ ਪਖਤੂਨ ਲਈ ਗਰਮ ਸੂਟ ਸਿਵਾ ਕੇ ਦੇਣ ਲੱਗਾ। ਕਿਸੇ ਨੇ ਕੋਲੋਂ ਭਾਨੀ ਮਾਰੀ ਉਹਦਾ ਤਾਂ ਏਦੂੰ ਘੱਟ ਨਾਲ ਵੀ ਸਰ ਜਾਵੇਗਾ, ਏਨਾ ਵਧੀਆ ਕੱਪੜਾ ਉਸ ਲਈ ਕਾਹਨੂੰ ਵਰਤਣਾ ਸੀ।"

ਮੈਨੂੰ ਕਹਿਣਾ ਪਿਆ- "ਮੈਂ ਕਿਸੇ ਨੂੰ ਘਟੀਆ ਚੀਜ਼ ਦੇ ਕੇ ਖੁਸ਼ ਨਹੀਂ। ਮੇਰੇ ਵੱਲੋਂ ਜੋ ਮਿਲੇ ਉਹ ਲੋੜਵੰਦ ਦੀ ਆਸ ਨਾਲੋਂ 4-5 ਗੁਣਾ ਤਾਂ, ਘੱਟੋ ਘੱਟ ਉੱਚਾ ਹੋਵੇ।"

**'ਸੁਖਨ ਏ ਬੇਅੰਤ' ਵਿਚੋਂ**

# ਬੱਚਿਆਂ ਦਾ ਪੰਨਾ

## ਮਹਾਂਬਲੀ ਰਣਜੀਤ ਸਿੰਘ

ਇੱਕ ਔਰਤ ਆਪਣੇ ਰੋਂਦੇ ਬੱਚੇ ਨੂੰ ਚੁੱਪ ਕਰਾਉਣ ਲਈ ਲੋਰੀ ਦੇ ਰਹੀ ਸੀ,

"ਆਕੜ ਮੁੰਡਿਆ ਆਕੜ, ਰਣਜੀਤ ਸਿੰਘ ਤੇਰਾ ਚਾਕਰ।
ਸਦਾਂ ਤੇਰੀ ਦਾਈ, ਮਹਿਤਾਬ ਕੌਰ ਦੌੜਦੀ ਆਈ।"

ਤਾਂ ਅਹਿਲਕਾਰਾਂ ਪਕੜ ਮੰਗਾਈ। ਕਿ ਉਹ ਮਹਾਂਰਾਜਾ ਤੇ ਉਸ ਦੇ ਖਾਨਦਾਨ ਸੰਬੰਧੀ ਕੁਬੋਲ ਬੋਲ ਰਹੀ ਹੈ। ਮਹਾਰਾਜਾ ਰਣਜੀਤ ਸਿੰਘ ਨੇ ਉਸ ਸਮੇਂ ਉਸ ਮਾਈ ਨੂੰ ਨਾ ਸਿਰਫ ਇਨਾਮ ਦਿੱਤਾ ਸਗੋਂ ਕਿਹਾ, "ਠੀਕ ਕਿਹਾ ਹੈ ਮਾਈ ਨੇ। ਰਾਜਾ ਚਾਕਰ (ਨੌਕਰ) ਹੋਣਾ ਚਾਹੀਦਾ ਹੈ। ਤੇ ਉਸ ਦੇ ਰਿਸ਼ਤੇਦਾਰ, ਮਾਂ, ਸੱਸ ਜਾਂ ਘਰਵਾਲੀ ਤੱਕ ਸੇਵਕਾਵਾਂ।"

ਮਹਾਰਾਜਾ ਰਣਜੀਤ ਸਿੰਘ ਨੂੰ ਮਹਾਂ ਦਾਨੀ ਹੋਣ ਕਰ ਕੇ ਪਾਰਸ ਕਿਹਾ ਜਾਂਦਾ ਸੀ। ਇੱਕ ਵਾਰ ਇਕ ਬ੍ਰਿਧ ਔਰਤ ਨੇ ਜਦ ਮਹਾਰਾਜੇ ਦੀ ਸਵਾਰੀ ਲਾਹੌਰ ਸ਼ਹਿਰ 'ਚੋਂ ਲੰਘਦੀ ਦੇਖੀ ਤਾਂ ਉਹ ਆਪਣੇ ਘਰੋਂ ਇੱਕ ਤਵਾ ਚੁੱਕ ਲਿਆਈ ਤੇ ਬੜੇ ਹੱਠ ਨਾਲ ਦਰਬਾਰੀਆਂ ਅਤੇ ਅਹਿਲਕਾਰਾਂ ਦੀਆਂ ਸਫਾਂ ਚੀਰਦੀ ਹੋਈ ਸ਼ੇਰੇ-ਪੰਜਾਬ ਤੱਕ ਜਾ ਪਹੁੰਚੀ ਪਰ ਉਥੇ ਉਸ ਨੂੰ ਚੋਬਦਾਰਾਂ ਨੇ ਰੋਕ ਦਿੱਤਾ। ਜਦ ਮਾਈ ਨੇ ਰੌਲਾ ਪਾਇਆ ਤਾਂ ਮਹਾਰਾਜਾ ਨੇ ਘੋੜਾ ਰੋਕ ਕੇ ਉਸ ਨੂੰ ਕਿਹਾ, "ਅੰਮਾਂ! ਤੂੰ ਕਹਿਣਾ ਕੀ ਚਾਹੁੰਦੀ ਹੈਂ? ਛੇਤੀ ਦਸ" ਮਾਈ ਹੋਰ ਅੱਗੇ ਹੋਈ ਤੇ ਆਪਣਾ ਕਾਲਾ ਤਵਾ ਛੇਤੀ ਛੇਤੀ ਮਹਾਰਾਜਾ ਦੇ ਪੈਰਾਂ ਨਾਲ ਮਲਣ ਲੱਗੀ। ਮਾਈ ਦੀ ਇਸ ਹਰਕਤ ਨੂੰ ਮਹਾਰਾਜੇ ਦੀ ਬੇਅਦਬੀ ਸਮਝ ਕੇ ਅਹਿਲਕਾਰਾਂ ਨੇ ਧੱਕੇ ਮਾਰਨੇ ਚਾਹੇ ਪਰ ਮਹਾਰਾਜਾ ਨੇ ਉਨ੍ਹਾਂ ਨੂੰ ਇੰਜ ਕਰਨ ਤੋਂ ਮਨ੍ਹਾਂ ਕਰਕੇ ਮਾਈ ਨੂੰ ਪੁੱਛਿਆ, "ਅੰਮਾਂ! ਇਹ ਤੂੰ ਕੀ ਕਰਦੀ ਹੈਂ? ਮਾਈ ਬੜੀ ਸ਼ਰਧਾ ਨਾਲ ਬੋਲੀ, "ਸਰਕਾਰ! ਲੋਕ ਆਖਦੇ ਹਨ ਕਿ ਸਾਡਾ ਮਹਾਰਾਜਾ ਪਾਰਸ ਹੈ ਤੇ ਜੇ ਪਾਰਸ ਨਾਲ ਲੋਹਾ ਛੂਹ ਜਾਏ ਤਾਂ ਸੋਨਾ ਬਣ ਜਾਂਦਾ ਹੈ। ਮੈਂ ਗਰੀਬਣੀ ਹਾਂ, ਆਪਣੇ ਬੁੱਢਾਪੇ ਦੇ ਗੁਜ਼ਾਰੇ ਲਈ ਆਪਣਾ ਲੋਹੇ ਦਾ ਤਵਾ ਸੋਨੇ ਦਾ ਬਣਾਉਣਾ ਚਾਹੁੰਦੀ ਹਾਂ ਤਾਂ ਜੋ ਰਹਿੰਦੀ ਉਮਰ ਸੁਖੀ ਬੀਤੇ। ਮਹਾਰਾਜਾ ਇਹ ਸੁਣਕੇ ਖਿੜ ਖਿੜ ਹੱਸਿਆ ਤੇ ਖਜ਼ਾਨਚੀ ਨੂੰ ਹੁਕਮ ਦਿੱਤਾ ਕਿ ਮਾਈ ਦੇ ਤਵੇ ਦੇ ਬਰਾਬਰ ਸੋਨਾ ਤੋਲ ਕੇ ਦੇ ਦੇਵੇ। ਹੁਕਮ ਦੀ ਪਾਲਣਾ ਹੋਈ ਤੇ ਮਾਈ ਅਸੀਸਾਂ ਦਿੰਦੀ ਘਰ ਚਲੀ ਗਈ।

ਇੱਕ ਵਾਰ ਮਹਾਰਾਜਾ ਨੇ ਐਲਾਨ ਕੀਤਾ ਕਿ ਸਰਕਾਰੀ ਸਟੋਰ ਵਿੱਚੋਂ ਗਰੀਬ ਗੁਰਬੇ ਆ ਕੇ ਜਿੰਨਾ ਆਟਾ ਦਾਣਾ ਚੁੱਕ ਸਕਣ ਚੁੱਕ ਕੇ ਲੈ ਜਾਣ। ਸ਼ਾਮ ਨੂੰ ਮਹਾਰਾਜਾ ਭੇਸ ਬਦਲ ਕੇ ਖੁਦ ਓਧਰੋਂ ਲੰਘੇ, ਇਹ ਵੇਖਣ ਲਈ ਕਿ ਉਨ੍ਹਾਂ ਦੇ ਹੁਕਮ ਦੀ ਤਾਮੀਲ ਠੀਕ ਢੰਗ ਨਾਲ ਹੋ ਰਹੀ ਹੈ ਕਿ ਨਹੀਂ। ਉਥੇ ਜਾ ਕੇ ਵੇਖਿਆ ਕਿ ਇੱਕ ਬ੍ਰਿਧ ਆਦਮੀ ਨੇ ਦਾਣਿਆਂ ਦੀ ਪੰਡ ਬਨਵਾ ਤਾਂ ਲਈ ਪਰ ਉਸ ਕੋਲੋਂ ਚੁੱਕੀ ਨਾ ਗਈ। ਮਹਾਰਾਜਾ ਨੇ ਪੰਡ ਆਪਣੇ ਸਿਰ ਉੱਤੇ ਚੁੱਕ ਲਈ ਅਤੇ ਉਸ ਬਜ਼ੁਰਗ ਨੂੰ ਘਰ ਛੱਡ ਆਇਆ। ਉਸ ਬਜ਼ੁਰਗ ਨੂੰ ਇਹ ਨਹੀਂ ਸੀ ਪਤਾ ਕਿ ਮਹਾਰਾਜਾ ਖੁਦ ਉਸਦੀ ਪੰਡ ਚੁੱਕੀ ਉਸ ਦੇ ਘਰ ਆਇਆ ਹੈ। ਇਸ ਤੋਂ ਬਾਅਦ ਮਹਾਰਾਜਾ ਸਾਹਿਬ ਨੂੰ ਸਤਿਕਾਰ ਵਜੋਂ ਪਾਂਡੀ ਬਾਦਸ਼ਾਹ ਆਖਿਆ ਜਾਣ ਲੱਗਾ।

ਇੱਕ ਵਾਰ ਮਹਾਰਾਜਾ ਦੀ ਸਵਾਰੀ ਬੜੀ ਧੂਮ-ਧਾਮ ਨਾਲ ਜਾ ਰਹੀ ਸੀ ਕਿ ਇੱਕ ਵੱਟਾ ਆ ਕੇ ਮਹਾਰਾਜੇ ਨੂੰ ਲੱਗਿਆ। ਸਰਕਾਰੀ ਕਰਮਚਾਰੀ ਤੇ ਅਧਿਕਾਰੀ ਏਧਰ ਓਧਰ ਨੱਸੇ ਤੇ ਇੱਕ ਮੁੰਡੇ ਨੂੰ ਫੜ ਕੇ ਲੈ ਆਏ, ਮਹਾਰਾਜਾ ਨੇ ਮੁੰਡੇ ਨੂੰ ਪੁੱਛਿਆ, "ਤੂੰ ਮੈਨੂੰ ਵੱਟਾ ਕਿਉਂ ਮਾਰਿਆ ਹੈ?" ਉਸ ਕਿਹਾ, "ਹਜ਼ੂਰ! ਮੈਂ ਤਾਂ ਵੱਟਾ ਬੇਰੀ ਨੂੰ ਮਾਰਿਆ ਸੀ ਪਰ ਨਿਸ਼ਾਨਾ ਚੁਕ ਜਾਣ ਕਾਰਨ ਤੁਹਾਨੂੰ ਆਣ ਵੱਜਾ ਹੈ? ਹਜ਼ੂਰ ਬੇਅਦਬੀ ਹੋਈ ਹੈ, ਮਾਫ਼ ਕਰ ਦਿਉ। ਦਰਬਾਰੀਆਂ 'ਚੋਂ ਕਿਸੇ ਨੇ ਕੋਈ ਸਜ਼ਾ ਦਸੀ ਤੇ ਕਿਸੇ ਨੇ ਕੋਈ, ਪਰ ਮਹਾਰਾਜਾ ਹੱਸ ਪਏ ਤੇ ਕਹਿਣ ਲੱਗੇ, "ਨਹੀਂ ਇਸ ਮੁੰਡੇ ਨੂੰ ਇਨਾਮ ਦਿੱਤਾ ਜਾਵੇ। ਕਿਉਂਕਿ ਇੱਕ ਬੇਰੀ ਨੂੰ ਵੱਟਾ ਮਾਰਨ ਨਾਲ ਬੇਰੀ ਕੋਲੋਂ ਇਸ ਨੂੰ ਬੇਰ ਮਿਲ ਜਾਂਦੇ ਹਨ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਮੇਰੇ ਕੋਲੋਂ ਇਸ ਨੂੰ ਕੁਝ ਵੀ ਨਾ ਮਿਲੇ।"

**ਸੂਬਾ ਸੁਰਿੰਦਰ ਕੌਰ 'ਖਰਲ'**

# ਖ਼ਬਰਨਾਮਾ

## ਬੁੱਢੇ ਦਰਿਆ : ਸਫ਼ਾਈ ਦੇ ਕਾਰਜਾਂ ਦੀ ਦੇਖ-ਰੇਖ

3 ਜੂਨ 2021 ਦਿਨ ਸ਼ੁਕਰਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਸੱਚੇ ਪਾਤਸ਼ਾਹ ਜੀ ਬੁੱਢੇ ਦਰਿਆ ਦੇ ਚੱਲ ਰਹੇ ਪ੍ਰਾਜੈਕਟਾਂ ਦਾ ਨਿਰੀਖਣ ਕਰਨ ਵਾਸਤੇ ਸਵੇਰੇ ਜਮਾਲਪੁਰ ਤਾਜਪੁਰ ਰੋਡ ਤੇ ਐੱਸਟੀਪੀ ਪਲਾਂਟ ਜੋ ਕਿ ਦੋ ਸੌ ਪੱਚੀ ਐਮ ਐਲ ਡੀ ਦਾ ਬਣ ਰਿਹਾ ਹੈ, ਉਹਦੀ ਉਸਾਰੀ ਦਾ ਨਿਰੀਖਣ ਕਰਨ ਵਾਸਤੇ ਉਚੇਚੇ ਪੁੱਜੇ। ਪੰਜਾਬ ਸਰਕਾਰ ਵੱਲੋਂ ਜੋ ਕਿ ਸਪੈਸ਼ਲ ਟਾਸਕ ਫੋਰਸ ਬਣਾਈ ਗਈ ਹੈ, ਉਹਦੇ ਵਿੱਚ ਸ੍ਰੀ ਸਤਿਗੁਰੂ ਜੀ ਨੂੰ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਆਪ ਜੀ ਦੀ ਅਗਵਾਈ ਹੇਠ ਇਹ ਇੱਕ ਵੱਡਾ ਪ੍ਰੋਜੈਕਟ 650 ਕਰੋੜ ਦਾ ਬੁੱਢੇ ਦਰਿਆ ਨੂੰ ਦੁਬਾਰਾ ਜੁਵਾਨ ਕਰਨ ਵਾਸਤੇ ਚਲਾਇਆ ਜਾ ਰਿਹਾ ਹੈ। ਇਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਬੁੱਢੇ ਦਰਿਆ ਦੇ ਨਾਲ-ਨਾਲ ਪੈ ਰਹੇ ਬਾਰਾਂ ਸੌ ਐਮ.ਐਮ ਦੇ ਪਾਈਪ ਲਾਈਨ ਦਾ ਨਿਰੀਖਣ ਕੀਤਾ। ਜੋ ਤਾਜਪੁਰ ਤੋਂ ਲੈ ਕੇ ਮੱਛੀ ਮਾਰਕੀਟ ਤੱਕ ਪੈ ਚੁੱਕੀ ਹੈ, ਜੋ ਕਿ ਮੰਡੀ ਬੋਰਡ ਦੀ ਜਗ੍ਹਾ ਹੈ। ਸਤਿਗੁਰੂ ਜੀ ਦੇ ਨਾਲ ਉਚੇਚੇ ਤੌਰ ਤੇ ਲੁਧਿਆਣਾ ਦੇ ਨਿਗਮ ਕਮਿਸ਼ਨਰ ਸ੍ਰੀ ਪ੍ਰਦੀਪ ਸੱਭਰਵਾਲ ਜੀ ਮੌਜੂਦ ਸਨ ਅਤੇ ਨਾਲ ਹੀ ਸਰਦਾਰ ਦਲਜੀਤ ਸਿੰਘ ਜੀ ਚੀਫ਼ ਇੰਜਨੀਅਰ ਪੰਜਾਬ ਸੀਵਰੇਜ ਬੋਰਡ ਅਤੇ ਹੋਰ ਨਗਰ ਨਿਗਮ ਦੇ ਉੱਚ ਅਧਿਕਾਰੀ ਵੀ ਸ੍ਰੀ ਸਤਿਗੁਰੂ ਜੀ ਨਾਲ ਨਿਰੀਖਣ ਕਰ ਰਹੇ ਸਨ। ਸ੍ਰੀ ਸਤਿਗੁਰੂ ਜੀ ਨੇ ਆਪਣੇ ਵੱਲੋਂ ਸਪੈਸ਼ਲ ਟਾਸਕ ਫੋਰਸ ਦਾ ਰੀਪ੍ਰਸੈਂਡਿਟ ਸੁਖਵਿੰਦਰ ਸਿੰਘ ਨੂੰ ਨਿਯੁਕਤ ਕੀਤਾ ਹੈ ਤੇ ਨਾਲ ਹੀ ਸਤਿਗੁਰੂ ਜੀ ਵੱਲੋਂ ਵਿਸ਼ੇਸ਼ ਤੌਰ 'ਤੇ ਮੋਨੀਟਰਿੰਗ ਕਮੇਟੀ ਬੁੱਢਾ ਦਰਿਆ ਦਾ ਮੈਂਬਰ ਵੀ ਸੁਖਵਿੰਦਰ ਸਿੰਘ ਨੂੰ ਨਿਯੁਕਤ ਕੀਤਾ ਗਿਆ ਹੈ। ਸ੍ਰੀ ਸਤਿਗੁਰੂ ਜੀ ਨੇ ਸੁੰਦਰ ਨਗਰ ਪੁਲੀ ਤਕ ਜੋ ਵੀ ਪ੍ਰਾਜੈਕਟ ਬਣ ਰਿਹਾ ਹੈ, ਉਸ ਦਾ ਨਿਰੀਖਣ ਕੀਤਾ ਪੰਪਇੰਗ ਸਟੇਸ਼ਨ ਤੇ ਗਏ ਦੋ ਪੰਪਇੰਗ ਸਟੇਸ਼ਨ ਜੋ ਕਿ ਬਣਨੇ ਸ਼ੁਰੂ ਹੋ ਗਏ ਨੇ ਇਕ ਸੁੰਦਰਨਗਰ ਪੌੜੀ ਤੇ ਇੱਕ ਉਸ ਤੋਂ ਪਹਿਲਾਂ ਨੈਸ਼ਨਲ ਹਾਈਵੇ ਦੇ ਨਾਲ ਅਤੇ ਤੀਸਰਾ ਪੰਪਇੰਗ ਸਟੇਸ਼ਨ ਹੋਰ ਬਣਨਾ ਹੈ। ਸਤਿਗੁਰੂ ਜੀ ਨੇ ਉਨ੍ਹਾਂ ਸਾਰੀਆਂ ਜਗ੍ਹਾਂ ਦਾ ਨਿਰੀਖਣ ਕੀਤਾ। ਉਹਦੇ ਨਕਸ਼ੇ ਦੇਖੇ ਤੇ ਸਤਿਗੁਰੂ ਜੀ ਨੇ ਅੱਜ ਵਿਸ਼ੇਸ਼ ਤੌਰ ਤੇ ਫੇਰ ਪ੍ਰਦੀਪ ਸੱਭਰਵਾਲ (ਕਮਿਸ਼ਨਰ) ਨੂੰ ਇਹ ਹੁਕਮ ਕੀਤਾ ਕਿ ਜਿੰਨਾ ਵੱਧ ਤੋਂ ਵੱਧ ਹੋ ਸਕੇ, ਅਸੀਂ ਇਹ ਕੋਸ਼ਿਸ਼ ਕਰਨੀ ਹੈ ਕਿ ਕਿਸੇ ਤਰ੍ਹਾਂ ਦਾ ਵੀ ਡੇਅਰੀਆਂ ਦਾ ਗੰਦਾ ਪਾਣੀ ਗੋਬਰ ਜਾਂ ਹੋਰ ਮਲ ਮੂਤਰ, ਤੇ ਇਸ ਤੋਂ ਇਲਾਵਾ ਡਾਇੰਗ ਇੰਡਸਟਰੀ ਦਾ ਜੋ ਅਣ ਟ੍ਰੀਟਡ ਪਾਣੀ ਹੈ, ਉਹ ਬੁੱਢੇ ਦਰਿਆ ਦੇ ਵਿੱਚ ਨਹੀਂ ਪੈਣਾ ਚਾਹੀਦਾ। ਸਰਕਾਰ ਨੂੰ ਲੋਕਾਂ ਨੂੰ ਅਫ਼ਸਰਸ਼ਾਹੀ ਸਭ ਨੂੰ ਮਿਲ ਕੇ ਇੱਕ ਲੋਕ ਲਹਿਰ ਬਣਾ ਕੇ ਇਹ ਕੰਮ ਦੇ ਵਿੱਚ ਅੱਗੇ ਆਉਣਾ ਚਾਹੀਦਾ ਹੈ ਤਾਂ ਕਿ ਅਸੀਂ ਆਪਣੇ ਸ਼ਹਿਰ ਨੂੰ ਆਪਣੇ ਦੇਸ਼ ਨੂੰ ਸੁੰਦਰ ਬਣਾ ਸਕੀਏ ਅਤੇ ਆਪਣੀ ਇਸ ਕੁਦਰਤ ਵਾਸਤੇ ਕੁਝ ਨਾ ਕੁਝ ਚੰਗਾ ਕਰ ਸਕੀਏ। ਪਰ ਸਤਿਗੁਰੂ ਜੀ ਜਿੰਨੇ ਕੰਮ ਕਰਨ ਵਾਲੇ ਸਾਰੇ ਅਫ਼ਸਰਾਂ ਨੂੰ ਕੰਮ ਕਰਨ ਵਾਲੇ ਇਨਫਰਾਸਟ੍ਰਕਚਰ ਕੰਪਨੀ ਖਿਲਾੜੀ ਇਨਫ੍ਰਾਸਟਰੱਕਚਰ ਦੇ ਜਿੰਨੇ ਵੀ ਲੇਬਰ ਦੇ ਬੰਦੇ ਸਨ, ਉਨ੍ਹਾਂ ਨੂੰ ਸ਼ਾਬਾਸ਼ੀ ਦਿੱਤੀ ਨਾਲ ਹੀ ਸਤਿਗੁਰੂ ਜੀ ਨੇ ਇਸ ਗੱਲ ਦੀ ਸ਼ਾਬਾਸ਼ੀ ਕਮਿਸ਼ਨ ਸਾਹਬ ਨੂੰ ਖਾਸ ਕਰਕੇ ਦਿੱਤੀ ਕਿ ਉਨ੍ਹਾਂ ਨੇ ਇਨੀਸ਼ੀਏਟਿਵ ਲੈ ਕੇ ਇਸ ਪ੍ਰਾਜੈਕਟ ਵਿੱਚ ਕੰਮ ਕਰਨ ਵਾਲੀ ਜਿੰਨੀ ਵੀ ਲੇਬਰ ਹੈ, ਉਨ੍ਹਾਂ ਦੇ ਕੋਰੋਨਾ ਵੈਕਸੀਨ ਲਗਵਾ ਦਿੱਤੀ ਹੈ। ਕਰੀਬ ਪੌਣੇ ਬਾਰਾਂ ਵਜੇ ਤਕ ਸਤਿਗੁਰੂ ਜੀ ਨੇ ਆਪਣਾ ਦੌਰਾ ਮੁਕੰਮਲ ਕਰਕੇ ਵਾਪਸੀ ਸ੍ਰੀ ਭੈਣੀ ਸਾਹਿਬ ਨੂੰ ਕੀਤੀ।



**ਸੁਖਵਿੰਦਰ ਸਿੰਘ ਲਾਇਲ**

# ਦੈਨਿਕ ਭਾਸਕਰ ਅਖ਼ਬਾਰ ਦੇ ਸਟਾਫ਼ ਨਾਲ ਮੁਲਾਕਾਤ



2 ਜੂਨ 2021 ਅੱਜ ਸ੍ਰੀ ਸਤਿਗੁਰੂ ਜੀ ਦੇ ਉਚੇਚੇ ਦਰਸ਼ਨ ਕਰਨ ਵਾਸਤੇ ਦੈਨਿਕ ਭਾਸਕਰ ਅਖ਼ਬਾਰ ਦੇ ਨਿਊਜ਼ ਐਡੀਟਰ ਸ੍ਰੀ ਵੈਂਕਟ ਜੀ ਤੇ ਉਨ੍ਹਾਂ ਦੇ ਨਾਲ ਯੂਨਿਟ ਐਡੀਟਰ ਸ੍ਰੀ ਨਰਿੰਦਰ ਸ਼ਰਮਾ ਤੇ ਉਨ੍ਹਾਂ ਦੇ ਪੱਤਰਕਾਰ ਦਿਨੇਸ਼ ਵਰਮਾ ਸ੍ਰੀ ਭੈਣੀ ਸਾਹਿਬ ਵਿਖੇ ਉਚੇਚੇ ਤੌਰ ਤੇ ਪਹੁੰਚੇ। ਉਨ੍ਹਾਂ ਦਾ ਮਕਸਦ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੇ ਨਾਲ-ਨਾਲ ਬੁੱਢੇ ਦਰਿਆ ਦੇ ਪ੍ਰਜੈਕਟ ਬਾਰੇ ਸਤਿਗੁਰੂ ਜੀ ਨੇ ਕੀ ਕੰਮ ਕੀਤੇ ਨੇ ਜਾਂ ਕੀ ਕੰਮ ਹੋ ਰਹੇ ਨੇ ਹੋਂਦ ਵਿੱਚ ਆ ਰਹੀਆਂ ਮੁਸ਼ਕਿਲਾਂ ਬਾਰੇ ਅਤੇ ਆਉਣ ਵਾਲੇ 5 ਤਰੀਕ ਨੂੰ ਜੋ ਕਿ ਵਾਤਾਵਰਨ ਦਿਵਸ ਵਿਸ਼ਵ ਭਰ ਵਿੱਚ ਮਨਾਇਆ ਜਾ ਰਿਹਾ ਹੈ। ਉਸ ਸਬੰਧੀ ਸ੍ਰੀ ਸਤਿਗੁਰੂ ਜੀ ਦਾ ਵਿਸ਼ੇਸ ਹੁਕਮ ਜਾਂ ਸਤਿਗੁਰੂ ਜੀ ਕੋਈ ਵਿਸ਼ੇਸ਼ ਜਾਣਕਾਰੀ ਜਾਂ ਲੋਕਾਂ ਨੂੰ ਕੀ ਅਪੀਲ ਹੈ? ਉਸ ਬਾਰੇ ਇੱਕ ਮੁਲਾਕਾਤ ਸੀ। ਸ੍ਰੀ ਸਤਿਗੁਰੂ ਜੀ ਦੇ ਉਨ੍ਹਾਂ ਦੇ ਨਾਲ ਬੁੱਢੇ ਦਰਿਆ ਦੇ ਪ੍ਰਜੈਕਟ ਬਾਰੇ ਗੱਲਬਾਤ ਕਰਦਿਆਂ ਹੁਕਮ ਕੀਤਾ ਕਿ ਇਹ ਜੋ ਪ੍ਰੋਜੈਕਟ ਹੈ, ਬੁੱਢੇ ਦਰਿਆ ਦਾ ਇਸ ਦਰਿਆ ਦੀ ਇਨ੍ਹੀ ਬੁਰੀ ਹਾਲਤ ਪਿਛਲੇ ਸਾਲਾਂ 'ਚ ਸਾਡੇ ਵਿਗੜੇ ਹੋਏ ਸਿਸਟਮ ਦੇ ਕਾਰਨ ਹੈ। ਇਹ ਹਾਲਾਤ ਦੱਸਦੇ ਨੇ ਕਿ ਸਾਡਾ ਸਿਸਟਮ ਕਿੰਨਾ ਕਰੱਪਟ ਹੋ ਚੁੱਕਿਆ ਹੈ। ਸਾਡੀ ਅਫ਼ਸਰਸ਼ਾਹੀ ਸਾਡੀ ਚੁਣੀਆਂ ਸਰਕਾਰਾਂ ਤੇ ਸਾਡੇ ਲੋਕ ਵੀ ਇਸ ਤੋਂ ਬੇ ਧਿਆਨੇ ਹੋ ਗਏ ਨੇ ਕਿ ਕੁਦਰਤ ਦੇ ਕਿਸੇ ਵੀ ਵਸੀਲੇ ਨੂੰ ਅਸੀਂ ਗੰਧਲਿਆ ਕਰਨ ਲੱਗਿਆਂ ਸੋਚਦੇ ਨਹੀਂ, ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਇਕ ਉਮੀਦ ਦਾ ਬਚਨ ਕਰਦਿਆਂ ਆਖਿਆ ਕਿ ਉਮੀਦ ਹੈ ਆਉਂਦੇ 2 ਸਾਲਾਂ ਦੇ ਵਿੱਚ ਕੁਝ ਨਾ ਕੁਝ ਅਸੀਂ ਜ਼ਰੂਰ ਸਫ਼ਲ ਹੋਵਾਂਗੇ ਕਿਉਂਕਿ ਜਿਹੜੀ ਚੀਜ਼ ਪਿਛਲੇ ਪੰਜਾਹ ਸਾਲ ਤੋਂ ਅਸੀਂ ਵਿਗਾੜੀ ਹੈ ਪੰਜਾਹ ਸਾਲ ਤੋਂ ਖਰਾਬ ਕੀਤੀ ਹੈ। ਉਹ ਇਕਦਮ ਠੀਕ ਨਹੀਂ ਹੋ ਸਕਦੀ ਇਹਦੇ ਵਾਸਤੇ ਸਾਨੂੰ ਬਹੁਤ ਹੀ ਰਲ ਮਿਲ ਕੰਮ ਕਰਨਾ ਪਵੇਗਾ। ਇੱਕ ਲੋਕ ਲਹਿਰ ਚਲਾਉਣੀ ਪਵੇਗੀ। ਵਾਤਾਵਰਣ ਦਿਵਸ ਦੇ ਉਤੇ ਸ੍ਰੀ ਸਤਿਗੁਰੂ ਜੀ ਨੇ ਜੀ ਨੇ ਲੋਕਾਂ ਨੂੰ ਅਪੀਲ ਕਰਦਿਆਂ ਇਹ ਹੁਕਮ ਕੀਤਾ ਕਿ ਇਹ ਧਰਤੀ ਕਾਇਨਾਤ ਇਹ ਜਲਵਾਯੂ ਸਾਨੂੰ ਸਾਰਾ ਕੁਝ ਦਿੰਦੀ ਹੈ। ਸਾਡਾ ਇਸ ਪ੍ਰਤੀ ਫ਼ਰਜ਼ ਹੈ ਸਾਡਾ ਇਸ ਪ੍ਰਤੀ ਸਮਰਪਣ ਹੋਣਾ ਚਾਹੀਦਾ ਹੈ। ਸਾਡੇ ਪਾਣੀ ਦੂਸ਼ਿਤ ਨਾ ਹੋਣ ਸਾਡੀ ਹਵਾ ਦੂਸ਼ਿਤ ਨਾ ਹੋਵੇ। ਅਸੀਂ ਕੁਝ ਪੈਸਿਆਂ ਪਿੱਛੇ ਆਪਣੇ ਪਾਣੀਆਂ ਨੂੰ ਜ਼ਹਿਰੀਲੇ ਨਾ ਬਣਾਈਏ। ਸਾਡਾ ਪੰਜਾਬੀਆਂ ਦਾ ਤਾਂ ਖ਼ਾਸ ਇਸ ਕਰਕੇ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਆਪ ਆਪਣੇ ਦਰਿਆਵਾਂ ਨੂੰ ਜ਼ਹਿਰੀਲਾ ਨਾ ਬਣਾਈਏ ਕਿਉਂਕਿ ਸਾਡਾ ਇਹ ਪਾਣੀ ਜਦ ਦੂਸਰਿਆਂ ਰਾਜਾਂ ਦੇ ਇਲਾਕਿਆਂ 'ਚ ਜਾਂਦਾ ਹੈ ਤਾਂ ਉੱਥੋਂ ਦੇ ਲੋਕ ਜਦੋਂ ਇਹ ਜ਼ਹਿਰੀਲਾ ਪਾਣੀ ਪੀ ਰਹੇ ਨੇ, ਜੋ ਕਿ ਬੁੱਢਾ ਦਰਿਆ ਰਾਹੀਂ ਸਤਿਲੁਜ ਵਿੱਚ ਮਿਲ ਰਿਹਾ ਹੈ। ਤਾਂ ਉਹ ਲੋਕ ਤੇ ਉਨ੍ਹਾਂ ਦੇ ਬੱਚੇ (ਅਗਲੀ ਜਨਰੇਸ਼ਨ) ਬਿਮਾਰ ਹੋ ਰਹੀ ਹੈ ਤੇ ਸਾਡਾ ਆਪਣੀ ਆਉਣ ਵਾਲੀ ਜਨਰੇਸ਼ਨ ਦੇ ਪ੍ਰਤੀ ਵੀ ਕੁਝ ਫ਼ਰਜ਼ ਹਨ ਕਿ ਉਹ ਸਿਹਤਮੰਦ ਹੋਵੇ, ਅਰੋਗ ਹੋਵੇ ਤੇ ਸਿਰਫ਼ ਲਾਲਚ ਕਰਕੇ ਆਪਣੀ ਹਉਮੈ ਕਰਕੇ ਅਸੀਂ ਕੁਦਰਤ ਦੇ ਨਾਲ ਕਿਸੇ ਵੀ ਤਰ੍ਹਾਂ ਦਾ ਖਿਲਵਾੜ ਨਾ ਕਰੀਏ ਕੈਬਨਿਟ ਐਡੀਟਰ ਸ੍ਰੀ ਵਰਿੰਦਰ ਸ਼ਰਮਾ ਨੇ ਇਕ ਕਿਤਾਬ ਵੀ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੂੰ ਭੇਟ ਕੀਤੀ।



**ਸੁਖਵਿੰਦਰ ਸਿੰਘ ਲਾਇਲ**

# ਗੁਰਬਾਣੀ ਦੇ ਗਹਿਰ-ਗੰਭੀਰ ਖੋਜੀ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ

**04.06.2021**

ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਜੋਂ 8 ਸਾਲ ਸੇਵਾ ਨਿਭਾਈ। ਆਪ ਗੁਰੂ ਗ੍ਰੰਥ ਸਾਹਿਬ ਦੀ ਵਿਆਕਰਨ ਅਤੇ ਟੀਕਾ-ਕਾਰੀ ਦੀ ਸਿਰਮੌਰ ਹਸਤੀ ਵਜੋਂ ਜਾਣੇ ਜਾਂਦੇ ਸਨ। ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੀ ਵਿਆਖਿਆ ਅਤੇ ਟੀਕਾ-ਕਾਰੀ ਸੰਸਥਾ ਵਿੱਚ ਆਨਰੇਰੀ ਵਿਜ਼ਿਟਿੰਗ ਪ੍ਰੋਫ਼ੈਸਰ ਸਨ। ਉਹਨਾਂ ਦਾ ਜਨਮ ਅਪ੍ਰੈਲ 1940 ਪਿੰਡ ਤਲਵੰਡੀ ਖੁਰਦ ਜ਼ਿਲਾ ਲੁਧਿਆਣਾ ਵਿੱਚ ਪਿਤਾ ਸ. ਨਾਹਰ ਸਿੰਘ, ਮਾਤਾ ਨਿਹਾਲ ਕੌਰ ਦੇ ਘਰ ਹੋਇਆ। ਪਰਿਵਾਰਿਕ ਮਾਹੌਲ ਫਲਸਰੂਪ ਉਹ ਬਚਪਨ ਤੋਂ ਹੀ ਧਾਰਮਿਕ ਰੁਚੀਆਂ ਵਾਲੇ ਸਨ। ਵੱਖ-ਵੱਖ ਸਾਧੂਆਂ ਅਤੇ ਟਕਸਾਲਾਂ ਦੀ ਸੰਗਤ ਮਾਨਦੇ। ਅਤੇ ਧਾਰਮਿਕ ਕਾਰਜਾਂ ਵਿੱਚ ਸਰਗਰਮ ਰਹੇ। ਆਪ ਨੂੰ ਸ੍ਰੀ ਦਸਮ ਗ੍ਰੰਥ ਸਾਹਿਬ, ਗੁਰ ਪ੍ਰਤਾਪ ਸੂਰਜ ਗ੍ਰੰਥ, ਭਾਈ ਗੁਰਦਾਸ ਦੀਆਂ ਵਾਰਾਂ, ਕਬਿੱਤ ਸਵਈਏ, ਜਨਮ ਸਾਖੀਆਂ ਆਦਿ ਗ੍ਰੰਥਾਂ ਦਾ ਗਹਿਨ ਅਧਿਐਨ ਸੀ।



ਵੇਦਾਂਤੀ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹਸਤ ਲਿਖਤ ਬੀੜਾਂ ਦੀਆਂ ਪੁਰਾਤਨ ਭਾਸ਼ਾਵਾਂ ਅਤੇ ਬੋਲੀਆਂ ਦੇ ਅਮੀਰ ਖ਼ਜ਼ਾਨੇ ਸਨ। ਵੇਦਾਂਤੀ ਜੀ ਹੱਥ ਲਿਖਤ ਬੀੜਾਂ ਦੇ ਵਰਤੇ ਕਾਗਜ਼, ਅਖਰਾਂ ਦੀ ਬਨਾਵਟ, ਲਗਾਂ-ਮਾਤਰਾਂ ਲਾਉਣ ਦੀ ਵਿਧੀ, ਵਰਤੀ ਸਿਆਹੀ ਆਦਿ ਦੀ ਘੋਖ ਉਪਰੰਤ ਸੰਨ-ਸੰਮਤ ਦਾ ਨਿਰਣਾ ਕਰਨ ਦੇ ਮਾਹਿਰ ਸਨ। ਏਸੇ ਸਿਲਸਿਲੇ ਵਿੱਚ ਉਹ ਕਈ ਵਾਰੀ ਸ੍ਰੀ ਭੈਣੀ ਸਾਹਿਬ ਆ ਕੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਗੁਰਬਾਣੀ ਦੀ ਵਿਆਖਿਆ ਸੰਬੰਧੀ ਚਰਚਾ ਕਰਦੇ ਰਹੇ। ਸ੍ਰੀ ਸਤਿਗੁਰੂ ਜੀ ਨੂੰ ਸ਼ੁਧ ਬਾਣੀ ਉਚਾਰਨ ਦਾ ਭਰਪੂਰ ਸ਼ੌਕ ਸੀ। ਜੇਕਰ ਰਾਗੀ ਸਿੰਘਾਂ ਨੇ ਕਿਸੇ ਸਮੇਂ ਕਿਸੇ ਲਗ-ਮਾਤਰ ਦਾ ਗਲਤ ਉਚਾਰਨ ਕਰਨਾ, ਤਾਂ ਕੀਰਤਨ ਰੋਕ ਕੇ ਸ਼ੁਧ ਉਚਾਰਨ ਕਰਵਾ ਕੇ ਕੀਰਤਨ ਅੱਗੇ ਤੁਰਨ ਦੇਣਾ। ਵੇਦਾਂਤੀ ਜੀ ਨੂੰ ਸ੍ਰੀ ਸਤਿਗੁਰੂ ਜੀ ਬਾਰੇ ਇਹਨਾਂ ਸਾਰੀਆਂ ਗੱਲਾਂ ਦਾ ਗਿਆਨ ਸੀ ਅਤੇ ਉਹਨਾਂ ਦਾ ਬਹੁਤ ਆਦਰ ਸਤਿਕਾਰ ਕਰਦੇ ਸੀ।

ਵੇਦਾਂਤੀ ਜੀ ਦੇ ਦਿਲ ਦਾ ਇਲਾਜ ਲਗਾਤਾਰ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ, ਲੁਧਿਆਣੇ ਵਿਖੇ ਹੁੰਦਾ ਸੀ। ਉਹ ਸ੍ਰੀ ਅੰਮ੍ਰਿਤਸਰ ਸਾਹਿਬਤ ਤੋਂ ਤੇਜਪਾਲ ਸਿੰਘ ਹੰਸਪਾਲ ਨੂੰ ਨਾਲ ਲੈਕੇ ਆਉਂਦੇ ਸੀ। ਉਹ ਪਹਿਲੋਂ ਡਾ. ਜੇ. ਪੀ. ਐਸ. ਗਰੇਵਾਲ ਅਤੇ ਫਿਰ ਡਾ. ਰਵਇੰਦਰ ਸਿੰਘ ਕੂਕਾ ਪਾਸੋਂ ਹਾਰਟ ਸੰਬੰਧੀ ਦਵਾਈਆਂ ਲੈਂਦੇ ਰਹੇ। ਡਾਕਟਰ ਸਾਹਿਬਾਨ ਹਾਰਟ ਆਪਰੇਸ਼ਨ ਵਾਸਤੇ ਆਪ ਨੂੰ ਬਾਰਬਾਰ ਕਹਿੰਦੇ ਰਹੇ। ਪਰ ਵੇਦਾਂਤੀ ਜੀ ਕਿਸੇ ਨ ਕਿਸੇ ਕਾਰਨ ਹਾਰਟ ਆਪਰੇਸ਼ਨ ਅਗਾਂਹ ਪਾਈ ਗਏ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਵਿਸ਼ੇਸ਼ ਹੁਕਮਾਨੁਸਾਰ ਆਪ ਦਾ ਇਲਾਜ ਏਥੇ ਹੋ ਰਿਹਾ ਸੀ। ਸ੍ਰੀ ਸਤਿਗੁਰੂ ਜੀ ਦੀ ਇੱਛਾ ਸੀ ਅਪ੍ਰੇਸ਼ਨ ਦੀ ਸੇਵਾ ਸਾਡੇ ਵੱਲੋਂ ਹੋਵੇ।

ਦਿੱਲੀ ਦੌਰੇ ਸਮੇਂ ਕਈ ਵਾਰੀ ਮੇਰੇ ਪਾਸ ਘਰ ਦਰਸ਼ਨ ਦਿੰਦੇ ਰਹੇ। ਯੂ.ਕੇ. ਦੌਰੇ ਸਮੇਂ ਨਾਮਧਾਰੀ ਸੰਗਤ ਨਾਲ ਸੰਪਰਕ ਵਿੱਚ ਸਨ। ਵਿਸ਼ੇਸ਼ ਕਰਕੇ ਸਿਆਨ ਪਰਿਵਾਰ ਨਾਲ। ਸ. ਅਵਤਾਰ ਸਿੰਘ ਸਿਆਨ ਅਤੇ ਸ. ਹਰਵਿੰਦਰ ਸਿੰਘ ਸਿਆਨ, ਵੇਦਾਂਤੀ ਜੀ ਦੀ ਸੇਵਾ ਕਰਕੇ ਖ਼ੁਸ਼ੀ ਪ੍ਰਾਪਤ ਕਰਦੇ ਸਨ। ਹੋਰ ਬਹੁਤ ਸਾਰੇ ਨਾਮਧਾਰੀ ਪਰਿਵਾਰਾਂ ਨਾਲ ਵੇਦਾਂਤੀ ਜੀ ਦੇ ਨਿੱਜੀ ਸੰਬੰਧ ਸਨ। ਵੇਦਾਂਤ ਦੇ ਬਹੁਤ ਸਾਰੇ ਗ੍ਰੰਥਾਂ ਦਾ ਅਧਿਐਨ ਵੇਦਾਂਤੀ ਜੀ ਨੇ ਕੀਤਾ। ਗ੍ਰੰਥ ਸਾਰਕੁਤਵਾਲੀ, ਭਾਰਵ ਸਿਮਰਤ, ਵਿਚਾਰ ਮਾਲਾ, ਅਧਿਆਤਮ ਪ੍ਰਕਾਸ਼, ਵਿਚਾਰ ਸਾਗਰ ਆਦਿ ਗ੍ਰੰਥਾਂ ਦੇ ਡੂੰਗੇ ਅਧਿਐਨ ਵਿੱਚ ਰੁਚੀ ਕਾਰਨ ਹੀ ਆਪ ਦੇ ਨਾਮ ਨਾਲ ਵੇਦਾਂਤੀ ਸ਼ਬਦ ਜੁੜ ਗਿਆ।

1967 ਵਿੱਚ ਆਪ ਜੀ ਦਾ ਅਨੰਦ ਕਾਰਜ ਬੀਬੀ ਅਮਰਜੀਤ ਕੌਰ ਨਾਲ ਹੋਇਆ ਅਤੇ 1987 ਵਿੱਚ ਉਹਨਾਂ ਦੇ ਗ੍ਰਹਿ ਵਿਖੇ ਧੀ ਅਮਨਦੀਪ ਕੌਰ ਦਾ ਜਨਮ ਹੋਇਆ। ਜੋ ਹੁਣ ਆਪਣੇ ਪਤੀ ਜਰਨੈਲ ਸਿੰਘ ਨਾਲ ਡੈਨਮਾਰਕ ਵਿੱਚ ਰਹਿੰਦੇ ਹਨ। ਕੌਮੀ ਕੋਮਾਂਤਰੀ ਪੱਧਰ ਦੇ ਮਹਾਨ ਵਿਦਵਾਨ ਅਤੇ ਗਹਿਰੇ ਖੋਜੀ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ 15 ਮਈ ਨੂੰ ਪਰਮ ਜੋਤਿ ਵਿੱਚ ਅਭੇਦ ਹੋ ਗਏ।

**ਹਰਵਿੰਦਰ ਸਿੰਘ ਹੰਸਪਾਲ, ਪ੍ਰਧਾਨ ਨਾਮਧਾਰੀ ਦਰਬਾਰ**
**ਸਾਬਕਾ, ਐਮ. ਪੀ.**

# ਸੰਤ ਸੰਤੋਖ ਸਿੰਘ ਲਾਇਲ ਤੇ ਸੰਤ ਜਗਤਾਰ ਸਿੰਘ ਲਾਇਲ ਗੁਰੂ ਚਰਨਾਂ ਵਿਚ ਜਾ ਬਿਰਾਜੇ

**3 ਜੂਨ 2021**

ਗੁਰਮੁਖਿ ਪਰਿਉਪਕਾਰੀ ਵਿਰਲਾ ਆਇਆ॥
ਗੁਰਮੁਖਿ ਸੁਖ ਫਲੁ ਪਾਇ ਆਪੁ ਗੁਆਇਆ॥

ਦੇ ਮੁੱਖਵਾਕ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਬਹੁਤ ਹੀ ਸ਼ਰਧਾਵਾਨ ਪ੍ਰੀਤਵਾਨ ਸਤ ਬਚਨੀ ਗੁਰਸਿੱਖ ਸੰਤ ਸੰਤੋਖ ਸਿੰਘ ਲਾਇਲ ਕੋਰੋਨਾ ਮਹਾਂਮਾਰੀ ਦੀ ਚਪੇਟ ਵਿੱਚ ਆ 21 ਅਪ੍ਰੈਲ 2021 ਨੂੰ ਸਵਰਗਵਾਸ ਹੋ ਗਏ। ਫਿਰ ਕੁਝ ਦਿਨ ਬਾਅਦ 8 ਮਈ 2021 ਦਿਨ ਸ਼ਨੀਵਾਰ ਨੂੰ ਸੰਤ ਜਗਤਾਰ ਸਿੰਘ ਲਾਇਲ ਸਪੁੱਤਰ ਸੰਤ ਸਵਰਨ ਸਿੰਘ ਜੀ ਏਸ ਆਸਾਰ ਮਾਤ ਲੋਕ ਤੋਂ ਅਲਵਿਦਾ ਹੋ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਸੰਤ ਸੰਤੋਖ ਸਿੰਘ ਸਪੁੱਤਰ ਸੰਤ ਸਵਰਨ ਸਿੰਘ ਭਰਾਤਾ ਸੰਤ ਸੁਰਿੰਦਰ ਸਿੰਘ ਨਾਮਧਾਰੀ, (ਪ੍ਰਧਾਨ ਵਿਸ਼ਵ ਨਾਮਧਾਰੀ ਸੰਗਤ) ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਬੰਗਲੌਰ ਵਿਖੇ 23 ਮਈ 2021 ਦਿਨ ਐਤਵਾਰ ਨੂੰ ਪਾਇਆ ਗਿਆ।



ਸੰਤ ਜਗਤਾਰ ਸਿੰਘ ਜੀ ਲਾਇਲ



ਸੰਤ ਸੰਤੋਖ ਸਿੰਘ ਜੀ ਲਾਇਲ

ਸੰਤ ਜਗਤਾਰ ਸਿੰਘ ਲਾਇਲ ਅਤੇ ਸੰਤ ਸੰਤੋਖ ਸਿੰਘ ਲਾਇਲ ਆਪਣੇ ਮਾਤਾ ਪਿਤਾ ਭੈਣ ਭਰਾਵਾਂ ਸਹਿਤ ਫਗਵਾੜੇ ਕੋਲ ਪਿੰਡ ਸਰਹਾਲੀ ਵਿਖੇ ਰਿਹਾ ਕਰਦੇ ਸਨ। ਇਨ੍ਹਾਂ ਦੇ ਬਾਬਾ ਪੜਦਾਦਾ ਜੀ ਸਾਧੂ ਸਿੰਘ ਜੀ ਬਹੁਤ ਸਾਧੂ ਸੁਭਾਅ ਦੇ ਮਾਲਕ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਬਾ ਸਾਧੂ ਸਿੰਘ ਜੀ ਦਾ ਬਹੁਤ ਹੀ ਮਾਣ ਸਤਿਕਾਰ ਕਰਦੇ ਸਨ ਕਿਉਂਕਿ ਉਹ ਭਜਨ ਬੰਦਗੀ ਬਹੁਤ ਕਰਦੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਬਾ ਸਾਧੂ ਸਿੰਘ ਜੀ ਨੂੰ ਕਿਹਾ ਕਰਦੇ ਸਨ ਕਿ ਬਾਬਾ ਜੀ, ਸਰਹਾਲੀ ਤੇਰੇ ਕਾਰਨ ਹੀ ਵੱਸਦੀ ਹੈ। ਸੰਤ ਸਵਰਨ ਸਿੰਘ ਜੀ ਦੇ ਛੇ ਪੁੱਤਰ ਅਤੇ ਇਕ ਬੇਟੀ ਭੁਪਿੰਦਰ ਕੌਰ ਜੀ ਸਨ। ਵੱਡੇ ਸਪੁੱਤਰ ਸੁਰਿੰਦਰ ਸਿੰਘ ਨਾਮਧਾਰੀ ਹਨ। ਪਿਛਲੇ 50-55 ਸਾਲਾਂ ਤੋਂ ਕਾਰੋਬਾਰ ਦੇ ਕਾਰਨ ਲੁਧਿਆਣਾ ਢੋਲੇਵਾਲ ਚੌਂਕ ਦੇ ਕੋਲ ਜੀ.ਟੀ ਰੋਡ ਤੇ ਆ ਵਸੇ ਸਨ। ਇਸ ਪਰਿਵਾਰ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਬਖ਼ਸ਼ਿਸ਼ਾਂ ਰਹੀਆਂ ਹਨ। ਸ੍ਰੀ ਸਤਿਗੁਰੂ ਜੀ ਜ਼ਿਆਦਾਤਰ ਇਨ੍ਹਾਂ ਦੇ ਘਰ ਹੀ ਰਹਿੰਦੇ ਸਨ। ਸਤਿਗੁਰੂ ਜੀ ਅਕਸਰ ਬਚਨ ਕਰਿਆ ਕਰਦੇ ਸਨ ਕਿ ਸਵਰਨ ਸਿੰਘ ਦਾ ਘਰ ਮੇਰਾ ਆਪਣਾ ਘਰ ਹੈ। ਸਤਿਗੁਰੂ ਜੀ ਦੇ ਕਾਰਨ ਇਹ ਸੰਤ ਸਵਰਨ ਸਿੰਘ ਜੀ ਦੇ ਨੇ ਗਊਆਂ ਰੱਖੀਆਂ ਹੋਈਆਂ ਸਨ ਸ੍ਰੀ ਸਤਿਗੁਰੂ ਜੀ ਨੇ ਆਉਣਾ ਉਸੇ ਵੇਲੇ ਹੀ ਧਾਰ ਕਢਵਾ ਦੁੱਧ ਪੁਣ ਗਿਲਾਸ 'ਚ ਪੁਆ ਕੇ ਬਿਨਾਂ ਉਬਾਲਿਆਂ ਹੀ ਛਕ ਲੈਣਾ। ਸਾਰੇ ਪਰਿਵਾਰ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਸ ਤਰ੍ਹਾਂ ਵਿਚਰਦੇ ਸਨ ਜਿਵੇਂ ਮਾਤਾ ਪਿਤਾ ਆਪਣੇ ਬੱਚਿਆਂ ਨਾਲ ਰਹਿੰਦੇ ਹਨ। ਰਸੋਈ ਵਿੱਚ ਚਲੇ ਜਾਣਾ ਜੋ ਇੱਛਾ ਹੋਣੀ ਉਹ ਪਦਾਰਥ ਬਣਾ ਲੈਣਾ ਕਦੀ ਕਦੀ ਆਪ ਹੀ ਤਿਆਰ ਕਰਨ ਲੱਗ ਜਾਣਾ। ਬਹੁਤ ਹੀ ਪਿਆਰ ਬਖ਼ਸ਼ਿਆ ਸਤਿਗੁਰੂ ਜੀ ਨੇ। ਹੁਣ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਬਹੁਤ ਪਿਆਰ ਦਿੰਦੇ ਹਨ।

ਇੱਕ ਵਾਰ ਸੰਤ ਸਵਰਨ ਸਿੰਘ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤਰ ਚਰਨਾਂ 'ਚ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਸੱਤ ਸੰਤੋਖ ਬਖ਼ਸ਼ ਉਸੇ ਵੇਲੇ ਸੰਤੋਖ ਸਿੰਘ ਆਪਣੇ ਭਰਾਵਾਂ ਨਾਲ ਆ ਨਮਸਕਾਰ ਕੀਤੀ। ਸਤਿਗੁਰੂ ਜੀ ਸੰਤੋਖ ਸਿੰਘ ਨੂੰ ਬਾਹੋਂ ਫੜ ਸੰਤ ਸਵਰਨ ਸਿੰਘ ਅੱਗੇ ਕਰ ਦਿੱਤਾ ਅਤੇ ਕਿਹਾ ਲਓ ਸੰਤੋਖ ਹੁਣੇ ਹੀ ਤੁਹਾਨੂੰ ਦਿੱਤਾ। ਕਮਾਲ ਦੀ ਦਾਤ ਬਖਸ਼ਿਸ਼ ਕਰ ਦਿੱਤੀ ਕਿ ਅੱਜ ਤਾਈਂ ਇਸ ਪਰਿਵਾਰ ਵਿੱਚ ਹਰ ਮੈਂਬਰ ਸੰਤੋਖ ਸਬਰ ਨਾਲ ਭਰਪੂਰ ਹੈ। ਕਾਰੋਬਾਰ ਰੱਜ ਕੇ ਹੈ, ਕਿਸੇ ਚੀਜ਼ ਦੀ ਥੁੜ੍ਹ ਨਹੀਂ ਰਹਿਣ ਦਿੱਤੀ। ਸਤਿਗੁਰੂ ਜੀ ਨੇ ਸੰਤ ਜਗਤਾਰ ਸਿੰਘ ਜੀ ਬਹੁਤ ਹੀ ਹੱਸਮੁਖੇ ਮਿਲਾਪੜੇ ਸੁਭਾਅ ਦੇ ਸਨ। ਹਰ ਵੇਲੇ ਖਿੜੇ ਮੱਥੇ ਹੀ ਮਿਲਣਾ ਆਪਣੇ ਨਾਮਧਾਰੀ ਗ਼ਰੀਬ ਗੁਰਸਿੱਖਾਂ ਦੀ ਆਰਥਿਕ ਪੱਖੋਂ ਬਹੁਤ ਸੇਵਾ ਕਰਨੀ ਉਨ੍ਹਾਂ ਅੱਗੇ ਹੱਥ ਜੋੜ ਖੜੇ ਹੋ ਜਾਣਾ ਅਤੇ

ਕਹਿਣਾ ਕਿ ਕਿਸੇ ਵੀ ਚੀਜ਼ ਦੀ ਜ਼ਰੂਰਤ ਹੋਵੇ ਤਾਂ ਬੇਝਿਜਕ ਦੱਸੋ। ਨਿਰਮਾਣਤਾ ਤਾਂ ਉਨ੍ਹਾਂ ਵਿੱਚ ਅਥਾਹ ਸੀ। ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਕਾਫੀ ਸਾਲ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਖ਼ਜ਼ਾਨਚੀ ਵਜੋਂ ਸੇਵਾ ਕਰਦੇ ਰਹੇ ਹਨ ਇਹ ਸਾਰੇ ਭਰਾ ਆਪਣੇ ਪਿਤਾ ਸੰਤ ਸਵਰਨ ਸਿੰਘ ਜੀ ਦੇ ਹੁਕਮਾਂ ਅਨੁਸਾਰ ਹੀ ਚੱਲਦੇ ਸਨ। ਕੋਈ ਵੀਰ ਪਰਿਵਾਰਕ ਸਮਾਜਿਕ ਜਾਂ ਵਿਵਹਾਰਿਕ ਕੰਮ ਹੋਣਾ ਜੋ ਸੰਤ ਸਵਰਨ ਸਿੰਘ ਜੀ ਨੇ ਹੁਕਮ ਕਰਨਾ ਇਨ੍ਹਾਂ ਸਾਰਿਆਂ ਨੇ ਹੱਥ ਜੋੜ ਸੱਤ ਬਚਨ ਕਹਿ ਦੇਣਾ ਫਿਰ ਸੰਤ ਸਵਰਨ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸਾਰੇ ਭਰਾ ਸੰਤ ਸੁਰਿੰਦਰ ਸਿੰਘ ਜੀ ਨੂੰ ਪਿਤਾ ਸਮਾਨ ਸਮਝ ਕੇ ਮਾਣ ਸਤਿਕਾਰ ਦਿੰਦੇ ਆ ਰਹੇ ਹਨ। ਹੁਣ ਸੰਤ ਸੁਰਿੰਦਰ ਸਿੰਘ ਜੀ ਦੀਆਂ ਦਿੱਤੀਆਂ ਹਦਾਇਤਾਂ ਅਨੁਸਾਰ ਹੀ ਸਾਰੇ ਭਰਾ ਆਪਣਾ ਜੀਵਨ ਬਸਰ ਕਰ ਰਹੇ ਹਨ। ਸਤਿਗੁਰੂ ਜੀ ਦੀ ਕਿਰਪਾ ਸਦਕਾ ਇਸ ਪਰਿਵਾਰ ਵਿੱਚ ਬਹੁਤ ਇਤਫ਼ਾਕ ਹੈ। ਸੰਤ ਜਗਤਾਰ ਸਿੰਘ ਦੀ ਬਹੁਤ ਹੀ ਭਜਨ ਬੰਦਗੀ ਕਰਦੇ ਸਨ। ਹੋਸ਼ ਸੰਭਾਲਣ ਤੋਂ ਬਾਅਦ ਆਪ ਜੀ ਹਰ ਸਾਲ ਜਪ ਪ੍ਰਯੋਗ ਵਿੱਚ ਪਹਿਲੇ ਦਿਨ ਤੋਂ ਹੀ ਰੋਜ਼ਾਨਾ ਅੰਮ੍ਰਿਤ ਵੇਲੇ ਪਰਿਵਾਰ ਸਮੇਤ ਹਾਜ਼ਰੀ ਭਰਦੇ ਰਹੇ ਹਨ ਅਤੇ ਸੰਤਾਂ ਵਿੱਚ ਇਹ ਬਹੁਤ ਵੱਡੀ ਖ਼ਾਸੀਅਤ ਸੀ ਕਿ ਉਹ ਸਭ ਤੋਂ ਮੋਹਰਲੀ ਕਤਾਰ ਵਿੱਚ ਬੈਠ ਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਰਹਿੰਦੇ ਸਨ। ਸੰਤ ਜਗਤਾਰ ਸਿੰਘ ਜੀ ਨੇ ਲਾਂਗਰੀਆਂ ਨੂੰ ਕਹਿ ਰੱਖਿਆ ਸੀ ਕਿ ਲੰਗਰ ਵਾਸਤੇ ਕਿਸੇ ਵੇਲੇ ਵੀ ਰਾਤ ਹੋਵੇ ਦਿਨ ਹੋਵੇ ਕਿਸੇ ਚੀਜ਼ ਦੀ ਰਾਸ਼ਨ ਵਗੈਰਾ ਜ਼ਰੂਰਤ ਹੋਵੇ ਬੇਝਿਜਕ ਦੱਸ ਦੇਣਾ। ਉਸੇ ਵੇਲੇ ਹਾਜ਼ਰ ਹੋ ਪੂਰੀ ਕਰ ਦੇਵਾਂਗੇ ਅਤੇ ਇਸੇ ਤਰ੍ਹਾਂ ਹੀ ਹੁੰਦਾ ਰਿਹਾ ਹੈ। ਸੇਵਾ ਖਿੜੇ ਮੱਥੇ ਕਰਦੇ ਰਹਿੰਦੇ ਸਨ ਕਿਸੇ ਵੀ ਹਉਮੈਂ ਹੰਕਾਰ ਨੂੰ ਨੇੜੇ ਨਹੀਂ ਢੁਕਣ ਦਿੱਤਾ। ਨਿਰਮਾਣਤਾ ਅਤੇ ਮਿਲਾਪੜਾ ਸੁਭਾਅ ਇਨ੍ਹਾਂ ਪਰਿਵਾਰ ਵਿੱਚ ਸਦਾ ਹੀ ਰਿਹਾ ਹੈ। ਹਰ ਵੇਲੇ ਭਜਨਬੰਦਗੀ ਨਾਮ ਸਿਮਰਨ ਕਰਦੇ ਰਹਿਣਾ। ਇਨ੍ਹਾਂ ਦੇ ਪਰਿਵਾਰ ਵਿੱਚ ਚਾਹੇ ਛੋਟਾ ਬੱਚਾ ਹੈ ਜਾਂ ਵੱਡਾ ਹਰ ਇੱਕ ਦੀ ਰਸਨਾ ਨਾਮ ਸਿਮਰਨ ਕਰਦੀ ਵਿਖਾਈ ਦੇਵੇਗੀ ਗੁਰਬਾਣੀ ਵਿੱਚ ਬਹੁਤ ਹੀ ਅਜਿਹੇ ਸਾਧੂ ਸੰਤਾਂ ਗੁਰਸਿੱਖਾਂ ਬਾਰੇ ਠੀਕ ਹੀ ਆਖਿਆ ਹੈ।ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਮਲੇਰਕੋਟਲੇ ਦਾ ਸ਼ਹੀਦੀ ਮੇਲਾ ਅਤੇ ਲੁਧਿਆਣੇ ਵਾਲੇ ਸ਼ਹੀਦਾਂ ਦਾ ਮੇਲਾ ਵੀ ਇਨ੍ਹਾਂ ਦੇ ਪਰਿਵਾਰ ਵੱਲੋਂ ਹੀ ਹੁੰਦਾ ਹੈ।

ਸੰਤ ਜਗਤਾਰ ਸਿੰਘ ਜੀ ਭੋਗ 3 ਮਈ 2021 ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਪਾਇਆ ਗਿਆ। ਹਰਪਾਲ ਸਿੰਘ ਸੇਵਕ ਜੀ ਨੇ ਬਹੁਤ ਹੀ ਭਾਵੁਕ ਸ਼ਬਦਾਂ ਵਿਚ ਸ਼ਰਧਾ ਦੇ ਫੁੱਲ ਭੇਟ ਕੀਤੇ। ਆਈ ਸਾਧ ਸੰਗਤ ਦੀ ਤਨ ਮਨ ਧਨ ਨਾਲ ਸੇਵਾ ਕੀਤੀ ਲੰਗਰ ਗੁਰੂ ਦਾ ਅਤੁੱਟ ਵਰਤਿਆ।

**ਸਵਿੰਦਰ ਸਿੰਘ ਨਾਮਧਾਰੀ**

.................................................

## ਗੁਰਦੁਆਰਾ ਦੁਖ ਨਿਵਾਰਨ (ਲੁਧਿ.) ਦੇ ਪ੍ਰਧਾਨ ਸ੍ਰੀ ਭੈਣੀ ਸਾਹਿਬ ਦਰਸ਼ਨਾਂ ਲਈ ਆਏ

ਸ੍ਰੀ ਭੈਣੀ ਸਾਹਿਬ ਦੀ ਪਾਵਨ ਪਵਿੱਤਰ ਧਰਤੀ ਦੀ ਯਾਤਰਾ ਕਰਨੀ ਹਰ ਇਕ ਭਾਵਨਾ ਵਾਲੇ ਸਿਖ ਦੀ ਦਿਲੀ ਇਛਾ ਹੈ। ਸਤਿਗੁਰੂ ਜੀ ਦੀ ਕਿਰਪਾ ਨਾਲ ਸ੍ਰੀ ਭੈਣੀ ਸਾਹਿਬ ਦੀ ਦਿਖ ਆਪਣੇ ਆਪ ਵਿਚ ਵਿਲੱਖਣ ਹੈ। ਜੋ ਹਰ ਆਏ ਯਾਤਰੀ ਦੀ ਜਿਥੇ ਅਧਿਆਤਮਿਕ ਤ੍ਰਿਪਤੀ ਕਰਦੀ ਹੈ ਉਥੇ ਕੁਦਰਤ ਨੂੰ ਆਪਣੀਆਂ ਅੱਖਾਂ ਨਾਲ ਨਿਹਾਰਦਾ ਮਨੁੱਖ ਉਸ ਕਾਦਰ ਦੀ ਆਪ ਮੁਹਾਰੇ ਸਿਫ਼ਤ ਕਰਦਾ ਹੈ।

ਲੁਧਿਆਣੇ ਸ਼ਹਿਰ ਦਾ ਬਹੁਤ ਹੀ ਦਰਸ਼ਨੀ ਗੁਰੂ ਘਰ ਗੁਰਦਵਾਰਾ ਦੁਖ ਨਿਵਾਰਨ ਸਾਹਿਬ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਸਾਥੀ ਕੁਲਦੀਪ ਸਿੰਘ ਸ੍ਰੀ ਭੈਣੀ ਸਾਹਿਬ ਦਰਸ਼ਨ ਕਰਨ ਸੂਬਾ ਹਰਭਜਨ ਸਿੰਘ ਜੀ ਨਾਲ ਆਏ। ਬਹੁਤ ਹੀ ਮਿਲਾਪੜੇ ਅਤੇ ਸਾਧੂ ਸੁਭਾ ਦੇ ਮਾਲਕ ਪ੍ਰਿਤਪਾਲ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਦੀ ਦਿਖ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਕੁਦਰਤ ਵਿੱਚ ਹੀ ਪ੍ਰਮੇਸ਼ਰ ਦਾ ਨਿਵਾਸ ਹੈ ਅਤੇ ਇਥੇ ਕੁਦਰਤ ਦਾ ਜਾਹੋ ਜਲਾਲ ਦੇਖਿਆ ਜਾ ਸਕਦਾ ਹੈ। ਸ. ਪ੍ਰਿਤਪਾਲ ਸਿੰਘ (ਪ੍ਰਧਾਨ) ਨੇ ਦਸਿਆ ਕੇ ਅਸੀਂ ਇਕ ਗਊਸ਼ਾਲਾ ਬਣਾਈ ਹੈ ਅਤੇ ਸਾਡਾ ਵਿਚਾਰ ਹੈ ਕਿ ਸਤਿਗੁਰੂ ਜੀ ਤੋਂ ਦੋ ਸਾਹੀਵਾਲ ਵਛੀਆਂ ਲੈ ਕੇ ਅਗੇ ਆਪਣੀ ਦੇਸੀ ਨਸਲ 'ਤੇ ਕੰਮ ਕੀਤਾ ਜਾਵੇ। ਸਾਰੇ ਭੈਣੀ ਸਾਹਿਬ ਦੇ ਦਰਸ਼ਨ ਸੂਬਾ ਹਰਭਜਨ ਸਿੰਘ ਹੁਰਾਂ ਨੇ ਕਰਵਾਏ ਰਾਗੀ ਬਲਵੰਤ ਸਿੰਘ ਹੁਰਾਂ ਨੂੰ ਉਹਨਾਂ ਉਚੇਚਾ ਸੁਣਿਆ। ਇਹ ਯਾਤਰਾ ਇਕ ਮਿੱਠੀ ਯਾਦ ਬਣ ਗਈ।



**ਸੂਬਾ ਹਰਭਜਨ ਸਿੰਘ**

.................................................

## ਮਾਸਟਰ ਮੋਹਨ ਸਿੰਘ ਜੀ ਨਹੀਂ ਰਹੇ

"ਗੁਰਮੁਖਿ ਜਨਮ ਸਵਾਰਿ ਦਰਗਹ ਚਲਿਆ"

ਦੇ ਮਹਾਂਵਾਕ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਹੋਏ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰ-ਘਰ ਦੇ ਸ਼ਰਧਾਵਾਨ ਅਤੇ ਪ੍ਰੀਤਵਾਨ ਸਿੱਖ ਮਾਸਟਰ ਮੋਹਨ ਸਿੰਘ ਜੀ, ਪਿੰਡ ਚੱਕ ਖੁਰਦ ਪਿਛਲੇ ਦਿਨੀਂ 14-5-2021 ਨੂੰ ਅਕਾਲ ਪੁਰਖ ਦੀ ਬਖ਼ਸ਼ੀ ਸਵਾਸਾਂ ਦੀ ਪੂੰਜੀ ਭੋਗ ਕੇ, ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਸਨ।



ਉਹਨਾਂ ਦੇ ਨਮਿਤ ਸ੍ਰੀ ਆਦਿ ਗੁਰੂ ਗਰੰਥ ਸਾਹਿਬ ਦੇ ਸਧਾਰਨ ਪਾਠ ਦਾ ਭੋਗ, ਉਹਨਾਂ ਦੇ ਪਿੰਡ ਚੱਕ ਖੁਰਦ ਵਿਖੇ 23-5-2021 ਨੂੰ ਪਾਇਆ ਗਿਆ। ਇਸ ਮੌਕੇ ਸਰਦਾਰ ਹਰਦੇਵ ਸਿੰਘ ਜੀ ਚੱਕ ਪ੍ਰਧਾਨ ਵਿਸ਼ਵ ਨਾਮਧਾਰੀ ਵਿੱਦਿਅਕ ਜਥਾ ਚੱਕ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਅਤੇ ਮਾਸਟਰ ਜੀ ਦੀ ਜੀਵ ਆਤਮਾ ਨਮਿਤ ਅੰਤਿਮ ਅਰਦਾਸ ਕੀਤੀ। ਮਾਸਟਰ ਜੀ ਦੇ ਨਿਮਰਤਾ ਭਰੇ ਸਾਧੂ ਸੁਭਾਅ ਕਾਰਨ ਉਹ ਨਾਮਧਾਰੀ ਪੰਥ ਤੋਂ ਬਿਨਾਂ ਖੁੱਲੇ ਭਾਈਚਾਰੇ ਵਿਚ ਵੀ ਸਤਿਕਾਰਯੋਗ ਸਥਾਨ ਰੱਖਦੇ ਸਨ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ: ਜੈਪਾਲ ਸਿੰਘ ਜੀ ਮੰਡੀਆਂ ਨੇ ਮਾਸਟਰ ਜੀ ਨਮਿੱਤ ਆਪਣਾ ਸੋਗ ਸੰਦੇਸ਼ ਭੇਜਿਆ। ਮਾਸਟਰ ਮੋਹਨ ਸਿੰਘ ਜੀ ਆਪਣੀਆਂ ਦੁਨਿਆਵੀ ਜਿੰਮੇਵਾਰੀਆਂ ਨਿਭਾਉਂਦੇ ਹੋਏ ਸ੍ਰੀ ਸਤਿਗੁਰੂ ਜੀ ਦੇ ਦਰ-ਘਰ ਨਾਲ ਵੀ ਪੂਰੀ ਨਿਸ਼ਠਾ ਅਤੇ ਸ਼ਰਧਾ ਨਾਲ ਜੁੜੇ ਰਹੇ ਮਾਸਟਰ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਸਰਕਾਰੀ ਨੌਕਰੀ ਕਰਦੇ ਹੋਏ ਵੀ ਬਾਣੀ ਅਤੇ ਨਾਮਧਾਰੀ ਬਾਣੇ ਦੇ ਧਾਰਨੀ ਰਹੇ । ਉਹ ਪਿੰਡ ਚੱਕ ਕੂਕਿਆਂ ਦੇ ਸਰਕਾਰੀ ਹਾਈ ਸਕੂਲ ਦੇ ਹੈਡਮਾਸਟਰ ਵਜੋਂ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਏ ਅਤੇ ਇਸ ਤੋਂ ਬਾਅਦ ਉਹ ਸਾਹਿਬਜ਼ਾਦਾ ਅਜੀਤ ਸਿੰਘ ਸੀਨੀਅਰ ਸੈਕੰਡਰੀ ਸਕੂਲ ਮਲੇਰਕੋਟਲਾ ਦੇ ਕਮੇਟੀ ਮੈਂਬਰ ਵਜੋਂ ਸੇਵਾ ਕਰਦੇ ਰਹੇ।

ਮਾਸਟਰ ਜੀ ਸਾਧੂ ਵਿਰਤੀ ਵਾਲੇ ਭਜਨੀਕ ਸਿੱਖ ਸਨ। ਸੇਵਾ ਕਰਨ ਲਈ ਹਰ ਵੇਲੇ ਤਿਆਰ ਬਰਤਿਆਰ ਰਹਿੰਦੇ ਸਨ। ਨਾਮਧਾਰੀ ਸ਼ਹੀਦੀ ਸਮਾਰਕ ਮਲੇਰਕੋਟਲਾ ਵਿਖੇ ਉਹ ਤਨਦੇਹੀ ਨਾਲ ਸੇਵਾ ਕਰਦੇ ਸਨ। ਉਹ ਆਪਣੇ ਪਿੱਛੇ ਆਪਣੀ ਜੀਵਨ ਸਾਥਣ ਅਤੇ ਦੋ ਬੇਟੇ ਸ: ਅਵਤਾਰ ਸਿੰਘ ਸਾਬਕਾ ਸਰਪੰਚ ਨਰਿੰਦਰ ਸਿੰਘ ਸੰਧੂ ਅਤੇ ਦੋ ਬੇਟੀਆਂ ਛੱਡ ਗਏ ਹਨ।

**ਹਰਦੇਵ ਸਿੰਘ ਚੱਕ**

.....................................................

## ਸ. ਜਗਜੀਤ ਸਿੰਘ ਨਮਿਤ ਪਾਠ ਦਾ ਭੋਗ

ਸ. ਜਗਜੀਤ ਸਿੰਘ ਜਵਾਨ ਉਮਰ ਵਿੱਚ ਹੀ ਇਸ ਸੰਸਾਰ ਨੂੰ ਅਲਵਿਦਾ ਆਖ ਗਇਆ। ਸ. ਜਗਜੀਤ ਸਿੰਘ ਦਾ ਜਨਮ ਪਿਤਾ ਬਲਵੰਤ ਸਿੰਘ ਦੇ ਘਰ ਅਤੇ ਮਾਤਾ ਰਾਜ ਕੌਰ ਦੀ ਕੁੱਖੋਂ ਹੋਇਆ। ਜਗਜੀਤ ਸਿੰਘ ਦਾ ਪਿਛਲਾ ਪਿੰਡ ਪਰਤਾਪ ਨਗਰ (ਸਿਰਸਾ) ਸੀ ਪਰ ਉਹ ਨਾਮਧਾਰੀ ਫਰਾਮ ਬੰਗਲੌਰ ਵਿੱਚ ਨੌਕਰੀ ਕਰਦਾ ਸੀ। ਕਰੋਨਾ ਵਾਇਰਸ ਦੇ ਸ਼ਿਕਾਰ ਹੋਣ ਕਰਕੇ ਸਿਹਤ ਬਹੁਤ ਵਿਗੜ ਗਈ। 22 ਮਈ 2021 ਨੂੰ ਸਵਾਸ ਪੂਰੇ ਹੋ ਗਏ। ਸਤਿਗੁਰੂ ਜੀ ਦੀ ਹਜ਼ੂਰੀ ਵਿੱਚ 26 ਮਈ ਨੂੰ ਭੋਗ ਪਿਆ।



ਸਵ: ਸਰਦਾਰ ਜਗਜੀਤ ਸਿੰਘ ਧੰਮਣ
22.05.2021

ਸਤਿਗੁਰੂ ਜੀ ਨੇ ਉਪਦੇਸ਼ ਦੁਆਰਾ ਪਰਿਵਾਰ ਨੂੰ ਭਾਣਾ ਮੰਨਣ ਲਈ ਕਿਹਾ।

**ਗੁਰਦੇਵ ਸਿੰਘ ਚੀਮਾ**

.....................................................

# ਸੂਬਾ ਸੁਰਿੰਦਰ ਕੌਰ ਖਰਲ ਨਮਿੱਤ ਪਾਠ ਦਾ ਭੋਗ

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਸਿਰਜਣਾ ਕਰਕੇ ਸਿੱਖੀ ਨੂੰ ਬਰਕਰਾਰ ਰੱਖਿਆ। ਉਨ੍ਹਾਂ ਨੇ ਸੂਬਿਆਂ ਦੀ ਸਥਾਪਨਾ ਦੇ ਨਾਲ-ਨਾਲ ਬੀਬੀਆਂ ਨੂੰ ਸੂਬਾ ਥਾਪ ਕੇ ਇਕ ਵੱਡਾ ਕਾਰਜ ਕੀਤਾ। ਨਾਮਧਾਰੀ ਸਮਾਜ ਵਿੱਚ ਸੂਬਾ ਬੀਬੀਆਂ ਦਾ ਵੀ ਅਹਿਮ ਰੋਲ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਬੀਬੀ ਹੁਕਮੀ ਨੂੰ ਸੂਬਾ ਥਾਪਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਈ ਬੀਬੀਆਂ ਨੂੰ ਸੂਬਾ ਥਾਪਣ ਦੀ ਕਿਰਪਾ ਕੀਤੀ। ਜਿਨ੍ਹਾਂ ਵਿਚ ਸੂਬਾ ਸੁਰਿੰਦਰ ਕੌਰ ਖਰਲ ਦਾ ਨਾਂ ਵੀ ਸ਼ਾਮਲ ਹੈ। ਸੂਬਾ ਜੀ ਨੇ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਨਾਮਧਾਰੀ ਪੰਥ ਦੀ ਸੇਵਾ ਵਿੱਚ ਹੀ ਲਗਾ ਦਿੱਤਾ। ਉਨ੍ਹਾਂ ਨੇ ਨਾਮਧਾਰੀ ਸ਼ਹੀਦਾਂ ਦੇ ਪਰਿਵਾਰਾਂ ਦੀ ਅਹਿਮ ਖੋਜ ਕਰ ਕੇ ਕਈ ਪੁਸਤਕਾਂ ਲਿਖੀਆਂ। ਵੱਖ-ਵੱਖ ਵਿਸ਼ਿਆਂ ’ਤੇ ਉਨ੍ਹਾਂ ਦੀਆਂ ਅਨੇਕਾਂ ਪੁਸਤਕਾਂ ਹਨ।

ਨਾਮਧਾਰੀ ਮੇਲਿਆਂ ਵਿੱਚ ਉਹ ਵੱਖ-ਵੱਖ ਥਾਂਵਾਂ ਤੋਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਲੱਭ ਕੇ ਲੈ ਕੇ ਆਉਂਦੇ ਤੇ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਹਾਜ਼ਰੀ ਲਗਵਾਉਂਦੇ। ਉਨ੍ਹਾਂ ਨੇ ਖੋਜ ਕਰਕੇ ਲੁਧਿਆਣਾ, ਰਾਏਕੋਟ ਤੇ ਮਲੇਰਕੋਟਲੇ ਸ਼ਹੀਦਾਂ ਦੇ ਪਰਿਵਾਰਾਂ ਦੇ ਕੁਰਸੀਨਾਮੇ ਕਢਵਾਏ। ਉਹਨਾਂ ਨੂੰ ਖੋਜ ਕਰਨ ਦਾ ਤੇ ਪੁਸਤਕਾਂ ਲਿਖਣ ਦਾ ਬਹੁਤ ਸ਼ੌਕ ਸੀ। ਉਨ੍ਹਾਂ ਦਾ ਸੁਭਾਅ ਬਹੁਤ ਹੀ ਮਿੱਠ ਬੋਲੜਾ, ਮਿਲਣਸਾਰ ਤੇ ਹਸਮੁਖ ਸੀ। ਹਮੇਸ਼ਾਂ ਹੀ ਸਤਿਗੁਰੂ ਜੀ ਦੇ ਹੁਕਮ ਵਿੱਚ ਰਹਿ ਕੇ ਕਾਰਜ ਕੀਤਾ। ਉਹਨਾਂ ਦੁਆਰਾ ਨਾਮਧਾਰੀ ਪੰਥ ਵਾਸਤੇ ਕੀਤੇ ਗਏ ਕਾਰਜ ਹਮੇਸ਼ਾਂ ਯਾਦ ਰਹਿਣਗੇ। ਅੱਜ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਭੋਗ ਪਾਏ ਗਏ-

8 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ
2 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ
1 ਪਾਠ ਸੂਬਾ ਸੁਰਿੰਦਰ ਕੌਰ ਦੇ ਨਮਿਤ
1 ਪਾਠ ਸੰਤ ਜਗਤਾਰ ਸਿੰਘ ਲਾਇਲ ਨਮਿੱਤ
1 ਪਾਠ ਬੀਬੀ ਧਰਮਜੀਤ ਕੌਰ ਨਮਿੱਤ
1 ਪਾਠ ਸੁਖਦੇਵ ਸਿੰਘ ਸਸਰਾਲੀ ਨਮਿੱਤ
1 ਪਾਠ ਸੁਰਜੀਤ ਸਿੰਘ ਲੁਧਿਆਣਾ ਨਮਿੱਤ
1 ਪਾਠ ਗੁਰਦੀਪ ਸਿੰਘ ਦਿੱਲੀ ਨਮਿਤ

3 ਜੂਨ ਨੂੰ ਸਾਰੇ ਪਾਠ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਪਾਏ ਗਏ। ਇਕ ਘੰਟਾ ਨਿਤਨੇਮ ਤੇ ਕੀਰਤਨ ਹਜ਼ੂਰੀ ਰਾਗੀ ਜਥੇ ਵੱਲੋਂ ਗਾਇਨ ਕੀਤਾ ਗਿਆ।

**ਗੁਰਦੇਵ ਸਿੰਘ ਚੀਮਾ**

.....................................................

## ਸ਼ੋਕ ਮਤਾ

ਨਾਮਧਾਰੀ ਪੰਜਾਬੀ ਸਾਹਿਤ ਸਭਾ, ਸ੍ਰੀ ਜੀਵਨ ਨਗਰ, ਪੰਥ ਦੇ ਮਹਾਨ ਵਿਦਵਾਨ ਤੇ ਕਵਿਤ੍ਰੀ, ਸੂਬਾ ਸੁਰਿੰਦਰ ਕੌਰ ਖਰਲ ਜੀ ਦੇ ਵਿਛੋੜੇ ’ਤੇ ਡੂੰਘੇ ਦੁੱਖ ਤੇ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੋਈ, ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕਰਦੀ ਹੈ ਕਿ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ। ਸੂਬਾ ਜੀ ਦੇ ਜਾਣ ਨਾਲ ਨਾਮਧਾਰੀ ਪੰਥ ਅਤੇ ਸਾਹਿਤ ਜਗਤ ਨੂੰ ਵੱਡਾ ਘਾਟਾ ਪਿਆ ਹੈ।

**ਪ੍ਰਧਾਨ ਲਖਵਿੰਦਰ ਸਿੰਘ ਬਾਜਵਾ**
**ਨਾਮਧਾਰੀ ਪੰਜਾਬੀ ਸਾਹਿਤ ਸਭਾ**
**ਸ੍ਰੀ ਜੀਵਨ ਨਗਰ, ਸਿਰਸਾ।**

.....................................................

## ਸ਼ੋਕ ਮਤਾ


ਪੰਜਾਬੀ ਦੀ ਮਸ਼ਹੂਰ ਸ਼ਾਇਰਾਂ ਤੇ ਉੱਘੀ ਵਾਰਤਕ ਕਾਰ ਸੂਬਾ ਸੁਰਿੰਦਰ ਕੌਰ ਖਰਲ ਦੇ ਪਿਛਲੇ ਦਿਨੀਂ ਹੋਏ ਅਕਾਲ ਚਲਾਣੇ ਤੇ ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਡੂੰਘੇ ਦੁੱਖ ਦਾ ਪ੍ਰਗਟਾਵਾ ਤੇ ਉਹਨਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੀ ਹੈ, ਉਹਨਾਂ ਨੇ ਅਨੇਕਾਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾਈਆਂ, ਨਾਮਧਾਰੀ ਸ਼ਹੀਦਾਂ ਦੇ ਪਰਿਵਾਰਾਂ ਦਾ ਇਤਿਹਾਸ ਤੇ ਬੰਸਾਵਲੀ ਨਾਮੇ ਲਿਖੇ, ਉਹ ਕੇਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਰਹੇ ਹਨ ਤੇ ਅਨੇਕਾਂ ਸਾਹਿਤ ਸਭਾਵਾਂ ਵਿੱਚ ਉਹਨਾਂ ਦਾ ਸਾਹਿਤ ਪ੍ਰਤੀ ਯੋਗਦਾਨ ਰਿਹਾ ਹੈ, ਉਹਨਾਂ ਦੇ ਅਕਾਲ ਚਲਾਣੇ ਨਾਲ ਸਾਹਿਤ ਜਗਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ, ਪਰ ਉਹਨਾਂ ਦੀਆਂ ਲਿਖਤਾਂ ਰਾਹੀਂ ਅਸੀਂ ਹਮੇਸ਼ਾਂ ਉਹਨਾਂ ਨੂੰ ਯਾਦ ਕਰਦੇ ਰਹਾਂਗੇ, ਪੰਜਾਬੀ ਸਾਹਿਤ ਸਭਾ ਸ਼੍ਰੀ ਭੈਣੀ ਸਾਹਿਬ ਉਹਨਾਂ ਨੂੰ ਸ਼ਰਧਾ - ਸੁਮਨ ਅਰਪਣ ਕਰਦੀ ਹੈ

**ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ**
**ਪ੍ਰਧਾਨ ਪੰਜਾਬੀ ਸਾਹਿਤ ਸਭਾ ਸ਼੍ਰੀ ਭੈਣੀ ਸਾਹਿਬ**

.....................................................

## ਸੂਬਾ ਸੁਰਿੰਦਰ ਕੌਰ ਖਰਲ ਨੂੰ ਮਿਲੇ ਮਾਨ-ਸਨਮਾਨਾਂ ਦਾ ਵੇਰਵਾ

- ਬਾਲ ਸਾਹਿਤ ਰਚੇਤਾ ਪੁਰਸਕਾਰ 2-01-1994 ਨੂੰ ਵੱਲੋਂ ਲਿਖਾਰੀ ਸਭਾ ਬਰਨਾਲਾ
- ਨਾਮਧਾਰੀ ਸ਼ਹੀਦਾਂ ਦੀ ਖੋਜ ਕਰਨ ਲਈ ਸਨਮਾਨ 25-09-1995 ਅੰਮ੍ਰਿਤਸਰ ਵਿਖੇ ਹੋਏ ਵਿਸ਼ਵ ਸਿੱਖ ਸੰਮੇਲਨ ਸਮੇਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
- ਖੇਡ ਮੇਲਾ 1999 ਵੱਲੋਂ ਸ਼ਹੀਦ ਰਤਨ ਸਿੰਘ ਸਪੋਰਟਸ ਕਲੱਬ ਮੰਡੀ ਕਲਾਂ (ਜ਼ਿਲ੍ਹਾ ਬਠਿੰਡਾ)
- ਸਪੈਸ਼ਲ ਸਨਮਾਨ 2 ਜੁਲਾਈ 1999 ਨੂੰ ਵੱਲੋਂ ਇੰਟਰਫੇਥ ਗਰੁੱਪ ਵੂਲਵਰ ਹੈਂਪਟਨ ਯੂ.ਕੇ.
- ਸਪੈਸ਼ਲ ਸਨਮਾਨ 23 ਅਪ੍ਰੈਲ 1999 ਨੂੰ ਚੰਡੀਗੜ੍ਹ ਵਿਖੇ ਪ੍ਰਗਤੀਸ਼ੀਲ ਲੇਖਕ ਸੰਘ ਦੀ ਬਾਰ੍ਹਵੀਂ ਕਾਨਫ਼ਰੰਸ ਵਿੱਚ ਹੋਏ ਮੁਸ਼ਾਇਰੇ ਸਮੇਂ
- ਸਰਦਾਰਨੀ ਹਰ ਲਾਭ ਕੌਰ ਯਾਦਗਾਰੀ ਐਵਾਰਡ 26 ਮਈ 2002 ਨੂੰ ਵੱਲੋਂ ਲਿਖਾਰੀ ਸਭਾ ਬਰਨਾਲਾ
- ਸ਼ਹੀਦ ਬਿਸ਼ਨ ਸਿੰਘ ਯਾਦਗਾਰੀ ਐਵਾਰਡ 27 ਅਪ੍ਰੈਲ 2002 ਨੂੰ ਵੱਲੋਂ ਅਖਿਲ ਭਾਰਤੀ ਸੰਪਰਾਦਾਇਕ ਸਦਭਾਵਨਾ ਕਮੇਟੀ ਨਵੀਂ ਦਿੱਲੀ
- ਹਰ ਰੰਗ ਮਸਤ ਟਰੱਸਟ ਬਠਿੰਡਾ ਵੱਲੋਂ ਸਨਮਾਨ 19 ਸਤੰਬਰ 2003 ਤੇ 8 ਫਰਵਰੀ 2011
- ਮਾਸਟਰ ਨਿਹਾਲ ਸਿੰਘ ਯਾਦਗਾਰੀ ਪੁਰਸਕਾਰ 28 ਮਾਰਚ ਸੰਨ 2010 ਨੂੰ ਨਾਮਧਾਰੀ ਧਰਮਸ਼ਾਲਾ ਦਿੱਲੀ ਵਿਖੇ
- ਸੰਸਕਾਰ ਭਾਰਤੀ ਰੋਪੜ ਵੱਲੋਂ ਸਨਮਾਨ 25 ਜੁਲਾਈ 2010 ਨੂੰ ਗੁਰੂ ਪੂਰਨਿਮਾ ਦੇ ਮੌਕੇ 'ਤੇ
- ਵਿਸ਼ੇਸ ਸਨਮਾਨ ਮੋਮੈਂਟੋ ਅਤੇ ਸਨਮਾਨ ਪੱਤਰ 4 ਦਸੰਬਰ 2011 ਨੂੰ ਵੱਲੋਂ ਜ਼ਿਲ੍ਹਾ ਲਿਖਾਰੀ ਸਭਾ ਰੂਪਨਗਰ
- ਮਹਿਲਾ ਦਿਵਸ ਦੇ ਮੌਕੇ ਤੇ ਸਨਮਾਨ 6 ਮਾਰਚ 2016 ਨੂੰ ਵੱਲੋਂ ਜ਼ਿਲ੍ਹਾ ਲਿਖਾਰੀ ਸਭਾ
- ਰੂਪਨਗਰ ਮਾਈ ਖੇਮ ਕੌਰ ਤੇ ਬਾਬਾ ਬੇਲਾ ਸਿੰਘ ਪੁਰਸਕਾਰ 19 ਮਈ 2016 ਨੂੰ ਵੱਲੋਂ ਨਾਵਲ ਲੇਖਕ ਮੰਚ ਕਰਮਸਰ ਅਤੇ ਵਿਸ਼ਵ ਪੰਜਾਬੀ ਸਾਹਿਤ ਵਿਚਾਰ ਮੰਚਸੁਰਿੰਦਰ ਕੌਰ ਖਰਲ ਨੂੰ ਸਮਰਪਿਤ










RNI NO. 55658/93
LDM/008/2021-2023

Date of Publication: 20-04-2021,
Date of Posting: 21-22 Sep. 2021



– 1920 ਈ. ਤੋਂ ਸਥਾਪਤ ‘ਸਤਿਜੁਗ’ ਪਰਚਾ ਵੱਖ-ਵੱਖ ਸਥਾਨਾਂ (ਲਾਹੌਰ, ਸ੍ਰੀ ਭੈਣੀ ਸਾਹਿਬ, ਜੀਵਨ ਨਗਰ, ਦਿੱਲੀ) ਤੋਂ ਛਪਦਾ ਰਿਹਾ ਹੈ। ਜਿਸ ਕਰਕੇ ਜਿਲਦ ਨੰ. ਬਦਲਦੇ ਰਹੇ ਹਨ। ਹੁਣ ਜਦ ‘ਸਤਿਜੁਗ’ 100 ਸਾਲ ਦਾ ਸਫ਼ਰ ਤੈਅ ਕਰ ਚੁੱਕਾ ਹੈ ਤਾਂ ਅਸੀਂ ਚੱਲ ਰਹੀ ਜਿਲਦ ਨੰ. 29 ਬਦਲਕੇ 101 ਕਰ ਰਹੇ ਹਾਂ, ਜੋ ਕਿ ਤਰਤੀਬ ਅਨੁਸਾਰ ਠੀਕ ਹੈ ਤੇ ਅੱਗੇ ਤੋਂ ਇਹ ਲੜੀ ਬਰਕਰਾਰ ਰਹੇਗੀ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.